ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

24

January- March 2017

# ਸੈਣੀ ਸੰਸਾਰ
# Saini Sansar

## Happy New Year




ਅੰਦਰ ਪੜ੍ਹੋ

-ਸੈਣੀ ਇਤਿਹਾਸ
-ਸਾਲ 2016 ਦੇ ਨੋਬਲ ਪੁਰਸਕਾਰ ਜੇਤੂ
-ਸਫ਼ਲ ਸੈਣੀ ਸਖਸ਼ੀਅਤਾਂ
-ਸਾਲ 2016 ਦੇ ਵਜ਼ੀਫਾ ਲਾਭਪਾਤਰੀ
-ਸਿਹਤਮੰਦ ਸਾਹਿਤਕ ਰਚਨਾਵਾਂ
-ਮੈਟਰੀਮੋਨੀਅਲਜ਼
-ਸੈਣੀ ਭਵਨ ਦੀਆਂ ਸਰਗਰਮੀਆਂ
-ਅੰਤਰਰਾਸ਼ਟਰੀ ਘਟਨਾਵਾਂ

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

R.N.I. No. : PUNBIL/2011/48578

Volume - VII, Issue - 1

# Saini Sansar

(Quarterly)

January- March 2017

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**PATRON**

**Sh. L.R. Mundra**
Asstt. Police Commissioner (Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

| | | |
|---|---|---|
| **India** | : | **S. Bahadurjeet Singh** President Rupnagar Press Club.<br>**Sh. Narinder 'Nindi'** Director Pb. Arts International Chd. |
| **Australia** | : | **S. Malkiat Singh Saini,**<br>#4, Arnika Court, Jereme Grove, Glenwoood, Sydney-Australia |
| **U.S.A.** | : | **Dr. Manavpreet Kaur** Professor (English)<br># 2421, Bryce Wood Lane, Plano-Tx-75025 (USA). |
| **U.K.** | : | **Sh. Tarsem Singh Saini**<br># 14, Forest Road, Cambridge-CB1 9JB (U.K.) |
| **Canada** | : | **Dr. D.P. Singh**<br># 2516, Pollard, Drive Mississauga, Ontario, Canada-LSC3HI |

| **Subscription / Assistance Money** | **India** | **Abroad** | **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|---|---|---|
| One Copy | ₹ 30 | 2 £, 4 $, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 $, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 $, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 28.12.2016**

# ਸੈਣੀ ਸੰਸਾਰ

ਜਿਲਦ 7, ਅੰਕ 1 (ਤਿਮਾਹੀ) ਜਨਵਰੀ - ਮਾਰਚ 2017

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@yahoo.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਕਵਰ 'ਤੇ ਫੋਟੋ :

ਲੋਹੜੀ ਮਨਾਉਂਦੀਆਂ ਮਟਿਆਰਾਂ।

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| Rai Bahadur & Other officials of Saini Bradri | 5 |
| ਕਵਿਤਾ ਅਤੇ ਗਜ਼ਲ | 6 |
| ਸੈਣੀ ਭਵਨ ਦੀਆਂ ਸਰਗਰਮੀਆਂ | 7 |
| ਗਣਿਤ ਸ਼ਾਸਤ੍ਰੀ - ਰਾਮਾਨੁਜਨ | 8-9 |
| ਨੋਬਲ ਪੁਰਸਕਾਰ ਜੇਤੂ | 10-11 |
| List of scholarship holders | 12-14 |
| ਸਾਨੂੰ ਜਿਨ੍ਹਾਂ 'ਤੇ ਮਾਣ ਹੈ | 15 |
| Speech of winner student | 16 |
| ਭਾਈ ਨਨੂਆਂ ਬੈਰਾਗੀ ਜੀ | 17 |
| ਖੁਸ਼ ਪਰਿਵਾਰ | 18 |
| New life members of Saini Bhawan | 19 |
| ਹਾਕੀ ਖਿਡਾਰਨ - ਰੂਪਾ ਸੈਣੀ | 20-21 |
| ਫਿਲਪੀਨ ਕਹਾਣੀ | 22-23 |
| ਕਵਿਤਾ - ਬਾਂਦਰ ਵੰਡ | 23 |
| ਸਿਹਤਮੰਦ ਮੁਸਕਾਨ | 24 |
| ਕਹਾਣੀ - ਗੰਗਾ | 25-26 |
| ਵੱਡਾ ਘੱਲੂਘਾਰਾ | 27-28 |
| ਪਿੰਡ - ਪੰਜੌੜ | 29-30 |
| ਕਵਿਤਾ | 30 |
| ਹੁਸੀਨ ਪ੍ਰਾਹੁਣਾ - ਕੂੰਜ | 31 |
| ਯੋਗ ਆਸਣ ਕਿਵੇਂ ਕਰੀਏ ? | 32-34 |
| ਬਾਬਾ ਹਨੂਮਾਨ ਸਿੰਘ ਜੀ | 34 |
| ਸਾਡਾ ਸੱਭਿਆਚਾਰ ਕਿਹੜੇ ਰਾਹ | 35 |
| ਸ਼ਰਧਾਂਜਲੀਆਂ ਅਤੇ ਸਵਾਗਤ | 36 |
| Matrimonials | 37-40 |
| ਸੈਣੀ ਭਲਾਈ ਬੋਰਡ | 40 |



## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |


ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 01881-226588) ਤੋਂ ਤਿਆਰ ਕਰਵਾਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਸੈਣੀ ਬਰਾਦਰੀ ਨਾਲ ਬੇਇਨਸਾਫ਼ੀ

ਅਜਮੇਰ ਸਿੰਘ (ਡਾ.)



ਪੰਜਾਬ ਵਿੱਚ ਸਾਲ 2017 ਦੀਆਂ ਅਸੈਂਬਲੀ ਚੋਣਾਂ ਲਈ ਉਮੀਦਵਾਰ ਖੜ੍ਹੇ ਕਰਨ ਵਿੱਚ ਸੈਣੀ ਬਰਾਦਰੀ ਨਾਲ ਫਿਰ ਬੇਇਨਸਾਫ਼ੀ ਤੇ ਵਿਤਕਰਾ ਹੋਇਆ ਹੈ।ਇਸ ਦੇ ਬਹੁਗਿਣਤੀ ਆਬਾਦੀ ਵਾਲੇ ਅਸੈਂਬਲੀ ਹਲਕਿਆਂ ਵਿੱਚ ਵੀ ਸੈਣੀ ਨੇਤਾਵਾਂ ਨੂੰ ਟਿਕਟਾਂ ਨਹੀਂ ਦਿੱਤੀਆਂ ਗਈਆਂ।ਸੈਣੀ ਬਰਾਦਰੀ ਨਾਲ ਇਹ ਸਰਾਸਰ ਧੱਕਾ ਤੇ ਬੇਇਨਸਾਫ਼ੀ ਹੈ।

ਸੈਣੀ ਜਾਤ ਦੇ ਲੋਕ ਭਾਵੇਂ ਸਾਰੇ ਪੰਜਾਬ ਵਿੱਚ ਬਿਖ਼ਰੇ ਹੋਏ ਹਨ ਪਰੰਤੂ ਕੁੱਝ ਇਲਾਕਿਆਂ ਵਿੱਚ ਇਨ੍ਹਾਂ ਦੀ ਗਿਣਤੀ ਵਰਣਨਯੋਗ ਹੈ।ਨਵਾਂਸ਼ਹਿਰ ਕਸਬੇ ਦੇ ਵਸਨੀਕ ਸ.ਸੁਰਜੀਤ ਸਿੰਘ ਸੋਇਤਾ ਵਲੋਂ ਇਕੱਤਰ ਕੀਤੇ ਵੇਰਵਿਆਂ ਅਨੁਸਾਰ ਪੰਜਾਬ ਦੇ 31 ਵਿਧਾਨ ਸਭਾ ਹਲਕਿਆਂ ਵਿੱਚ ਕੁੱਲ 7 ਲੱਖ 13 ਹਜ਼ਾਰ ਸੈਣੀ ਵੋਟਰ ਹਨ ਜਿਨ੍ਹਾਂ ਦੀ ਹਲਕਾਵਾਰ ਗਿਣਤੀ 9000 ਤੋਂ 45000 ਦੇ ਦਰਮਿਆਨ ਹੈ।ਇਨ੍ਹਾਂ ਵਿੱਚੋਂ 9 ਅਸੈਂਬਲੀ ਹਲਕੇ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਹਨ ਜਿਨ੍ਹਾਂ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਤਿੰਨ ਅਸੈਂਬਲੀ ਹਲਕੇ-ਭੋਆ (ਵੋਟਰ 31000), ਦੀਨਾਨਗਰ (ਵੋਟਰ 29000) ਤੇ ਹਰਗੋਬਿੰਦਪੁਰ (ਵੋਟਰ 14000) ਹੁਸ਼ਿਆਰਪੁਰ ਜ਼ਿਲ੍ਹੇ ਦੇ ਸ਼ਾਮਚੌਰਾਸੀ (ਵੋਟਰ 26000) ਤੇ ਚੱਬੇਵਾਲ (ਵੋਟਰ 22000), ਜ਼ਿਲ੍ਹਾ ਕਪੂਰਥਲਾ ਦਾ ਫਗਵਾੜਾ (ਵੋਟਰ 11000), ਜ਼ਿਲ੍ਹਾ ਸ਼.ਭ.ਸਿੰਘ ਨਗਰ ਦਾ ਬੰਗਾ (ਵੋਟਰ 15000), ਜ਼ਿਲ੍ਹਾ ਰੂਪਨਗਰ ਦਾ ਚਮਕੌਰ ਸਾਹਿਬ (ਵੋਟਰ 36000) ਜ਼ਿਲ੍ਹਾ ਜਲੰਧਰ ਦਾ ਆਦਮਪੁਰ (ਵੋਟਰ 27000),ਸ਼ਾਮਿਲ ਹਨ।ਦਸ ਹਲਕਿਆਂ-ਫਿਰੋਜ਼ਪੁਰ, ਸਮਰਾਲਾ, ਫਤਹਿਗੜ੍ਹ ਸਾਹਿਬ, ਸੰਗਰੂਰ, ਸੁਜਾਨਪੁਰ, ਜਲੰਧਰ(ਸ਼ਹਿਰੀ), ਲਹਿਰਾਗਾਗਾ, ਪਟਿਆਲਾ(ਸ਼ਹਿਰੀ), ਬਲਾਚੌਰ,ਤੇ ਮੁਕੇਰੀਆਂ ਵਿੱਚ ਸੈਣੀ ਵੋਟਰਾਂ ਦੀ ਗਿਣਤੀ 9000 ਤੋਂ 18000 ਦੇ ਵਿਚਕਾਰ ਹੈ ਜੋ ਕਿ ਥੋੜ੍ਹੀ ਹੈ।ਬਾਕੀ ਦੇ ਬਾਰਾਂ ਅਸੈਂਬਲੀ ਹਲਕਿਆਂ-ਡੇਰਾਬਸੀ (ਵੋਟਰ 45000), ਖਰੜ (35000), ਰੂਪਨਗਰ (35000), ਟਾਂਡਾ ਉੜਮੁੜ (35000), ਆਨੰਦਪੁਰ (32000), ਹੁਸ਼ਿਆਰਪੁਰ ਸ਼ਹਿਰ (28000), ਮੋਹਾਲੀ ਸ਼ਹਿਰ (28000), ਗੁਰਦਾਸਪੁਰ ਸ਼ਹਿਰ (25000), ਕਾਦੀਆਂ (27000), ਪਠਾਨਕੋਟ (18000) ਅਤੇ ਰਾਜਪੁਰਾ (18000) ਵਿੱਚ ਸੈਣੀ ਆਬਾਦੀ ਫ਼ੈਸਲਾਕੁੰਨ ਹੈ।ਇਨ੍ਹਾਂ ਬਾਰਾਂ ਅਸੈਂਬਲੀ ਹਲਕਿਆਂ ਵਿੱਚ ਸੈਣੀ ਬਰਾਦਰੀ ਦੇ ਲੋਕਾਂ ਨੂੰ ਟਿਕਟਾਂ ਦੇਣੀਆਂ ਬਣਦੀਆਂ ਹਨ।ਇਸ ਸਬੰਧੀ ਸੈਣੀ ਵਿਕਾਸ ਮੰਚ ਦੇ ਝੰਡੇ ਹੇਠ ਪਹਿਲਾਂ ਨਵਾਂਸ਼ਹਿਰ ਵਿਖੇ ਬਰਾਦਰੀ ਦੀ ਇੱਕਮੁੱਠਤਾ ਤੇ ਸ਼ਕਤੀ ਦਾ ਪ੍ਰਦਰਸ਼ਨ ਕਰਨ ਲਈ ਪਾਰਟੀਆਂ ਦੇ ਉਚ ਨੇਤਾਵਾਂ ਨੂੰ ਸੈਣੀ ਬਰਾਦਰੀ ਦੇ ਵੋਟਰਾਂ ਦੀ ਹਲਕਾਵਾਰ ਸਥਿਤੀ ਤੋਂ ਲਿਖਤੀ ਰੂਪ ਵਿੱਚ ਜਾਣੂ ਕਰਵਾ ਕੇ ਬਹੁਗਿਣਤੀ ਵਾਲੇ 12 ਅਸੈਂਬਲੀ ਹਲਕਿਆਂ ਤੋਂ ਆਪਣੀ ਬਰਾਦਰੀ ਦੇ ਸਿਰਕੱਢ ਨੇਤਾਵਾਂ ਲਈ ਟਿਕਟਾਂ ਦੀ ਮੰਗ ਕੀਤੀ ਸੀ।ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਰਾਜਨੀਤਿਕ ਪਾਰਟੀਆਂ ਨੇ ਸੈਣੀਆਂ ਦੀ ਇਸ ਜਾਇਜ਼ ਮੰਗ ਵੱਲ ਧਿਆਨ ਨਹੀਂ ਦਿੱਤਾ।ਅਜੇ ਤੱਕ ਕੇਵਲ ਆਮ ਆਦਮੀ ਪਾਰਟੀ ਨੇ ਹੀ ਤਿੰਨ ਸੈਣੀ ਨੇਤਾਵਾਂ-ਸ਼੍ਰੀ ਚਰਨਜੀਤ ਸਿੰਘ ਚੰਨੀ, ਡਾ.ਬਲਬੀਰ ਸਿੰਘ ਤੇ ਸ. ਕਮਲਪ੍ਰੀਤ ਸਿੰਘ ਕਾਕੀ ਨੂੰ ਕ੍ਰਮਵਾਰ ਨਵਾਂਸ਼ਹਿਰ, ਪਟਿਆਲਾ (ਸ਼ਹਿਰੀ) ਤੇ ਕਾਦੀਆਂ ਤੋਂ ਟਿਕਟਾਂ ਦਿੱਤੀਆਂ ਗਈਆਂ ਹਨ। ਕਾਂਗਰਸ ਨੇ ਨਵਾਂਸ਼ਹਿਰ ਤੋਂ ਸ਼੍ਰੀ ਅੰਗਦ ਸੈਣੀ ਨੂੰ ਉਮੀਦਵਾਰ ਬਣਾਇਆ ਹੈ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਿਸੇ ਵੀ ਸੈਣੀ ਨੂੰ ਟਿਕਟ ਨਹੀਂ ਦਿੱਤੀ।

ਇਸ ਦਾ ਕਾਰਨ ਸਪਸ਼ਟ ਹੈ ਕਿ ਰਾਜਸੱਤਾ ਤੇ ਕਾਬਜ਼ ਜਮਾਤਾਂ ਤੇ ਜਾਤਾਂ ਤਾਕਤ ਦੇ ਨਸ਼ੇ ਵਿੱਚ ਏਨੀਆਂ ਘਮੰਡੀ ਹੋ ਚੁੱਕੀਆਂ ਹਨ ਕਿ ਉਹ ਰਾਜ ਕਰਨ ਨੂੰ ਆਪਣਾ ਹੱਕ ਸਮਝਦੀਆਂ ਹਨ।ਉਹ ਦੱਬੀਆਂ ਕੁਚਲੀਆਂ ਜਾਤਾਂ ਦੇ ਲੋਕਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਨੂੰ ਕਦਾਚਿੱਤ ਤਿਆਰ ਨਹੀਂ।ਇਹ ਸ਼ਕਤੀਆਂ,ਇਨਸਾਫ਼ ਲਈ ਸੰਘਰਸ਼ ਕਰਦੇ ਲੋਕਾਂ ਵਿੱਚ ਫੁੱਟ ਪਾਉਣ ਅਤੇ ਗੁਮਰਾਹ ਕਰਨ ਲਈ ਹਰ ਢੰਗ ਤਰੀਕਾ ਵਰਤਦੇ ਹਨ।ਅਜਿਹਾ ਹੀ ਸੈਣੀ ਬਰਾਦਰੀ ਦੇ ਲੋਕਾਂ ਨਾਲ ਵਾਪਰ ਰਿਹਾ ਹੈ।ਜਦੋਂ ਵੀ ਸੈਣੀ ਬਰਾਦਰੀ ਦੇ ਜਾਗਰੂਕ ਲੋਕ ਰਾਜਨੀਤਿਕ ਸੱਤਾ ਵਿੱਚ ਭਾਈਵਾਲੀ ਦੀ ਮੰਗ ਕਰਦਿਆਂ ਏਕਤਾ ਦੀ ਆਵਾਜ਼ ਬੁਲੰਦ ਕਰਦੇ ਹਨ ਤਾਂ ਇਨ੍ਹਾਂ 'ਤੇ ਜਾਤਪਾਤ ਨੂੰ ਹਵਾ ਦੇਣ ਦਾ ਦੋਸ਼ ਲਗਾਇਆ ਜਾਂਦਾ ਹੈ। ਉਂਜ ਭਾਰਤੀ ਸੰਵਿਧਾਨ ਵਿੱਚ ਸਮਾਜਿਕ ਨਾਬਰਾਬਰੀ ਨੂੰ ਦੂਰ ਕਰਨ ਲਈ ਅਨੁਸੂਚਿਤ ਜਾਤੀਆਂ ਨੂੰ ਵਿਸ਼ੇਸ਼ ਛੋਟਾਂ ਦੇਣ ਦਾ ਉਪਬੰਧ ਹੈ। ਇਸ ਦੇ ਨਾਲ ਹੀ ਆਰਥਿਕ ਤੌਰ 'ਤੇ ਪਛੜੀਆਂ ਸ਼੍ਰੇਣੀਆਂ ਨੂੰ ਵੀ ਰਾਖਵਾਂਕਰਨ ਦਾ ਲਾਭ ਦਿੱਤਾ ਜਾਂਦਾ ਹੈ। ਪੰਜਾਬ ਵਿੱਚ ਅਸੈਂਬਲੀ ਚੋਣਾਂ ਲਈ ਕੰਬੋਜ, ਲੁਬਾਣਾ ਅਤੇ ਗੁੱਜਰ ਜਾਤਾਂ ਦੇ ਬਹੁਗਿਣਤੀ ਇਲਾਕਿਆਂ ਵਿੱਚ ਇਨ੍ਹਾਂ ਜਾਤਾਂ ਦੇ ਉਮੀਦਵਾਰਾਂ ਨੂੰ ਹੀ ਟਿਕਟਾਂ ਦਿੱਤੀਆਂ ਜਾਂਦੀਆਂ ਹਨ। ਫਿਰ ਇਹ ਵਿਤਕਰਾ ਸੈਣੀ ਬਰਾਦਰੀ ਨਾਲ ਹੀ ਕਿਉਂ ਕੀਤਾ ਜਾ ਰਿਹਾ ਹੈ? ਇਹ ਆਮ ਵਿਚਾਰ ਹੈ ਕਿ ਸੈਣੀ ਬਰਾਦਰੀ ਵਿੱਚ ਬਹੁਤ ਹੀ ਘੱਟ ਵਿਅਕਤੀ ਵੱਡੇ ਨੇਤਾ ਬਣਨ ਦੇ ਸਮਰੱਥ ਹਨ ਕਿਉਂਕਿ ਇਨ੍ਹਾਂ ਵਿੱਚੋਂ ਬਹੁਤੇ ਸਮਾਜ ਵਿੱਚ ਲੋਕਪ੍ਰਿਯ ਨਹੀਂ ਹਨ।ਇਹ ਵੀ ਕਿਹਾ ਜਾਂਦਾ ਹੈ ਕਿ ਸੈਣੀ ਵਿਅਕਤੀਆਂ ਪਾਸ ਧਨ-ਦੌਲਤ,ਵਸੀਲਿਆਂ ਤੇ ਬਾਹੂਬਲ ਦੀ ਘਾਟ ਹੈ ਅਤੇ ਉਹ ਵੋਟਾਂ ਵਟੋਰਨ ਦੇ ਢੰਗਾਂ ਤੋਂ ਅਣਜਾਣ ਹਨ।ਕਹਿਣ ਦਾ ਭਾਵ ਹੈ ਕਿ ਸੈਣੀ ਵਿਅਕਤੀ, ਰਾਜਨੀਤਿਕ ਦਾਓਪੇਚਾਂ ਨੂੰ ਨਹੀਂ ਜਾਣਦੇ।ਇਸ ਲਈ ਕੋਈ ਵੀ ਪਾਰਟੀ ਚੋਣਾਂ ਵਿੱਚ ਅਜਿਹੇ ਉਮੀਦਵਾਰਾਂ ਨੂੰ ਖੜ੍ਹਾ ਕਰ ਕੇ

ਸੀਟ ਗੁਆਉਣ ਨੂੰ ਤਿਆਰ ਨਹੀਂ।ਕੁੱਝ ਇੱਕ ਸਮਝਦੇ ਹਨ ਕਿ ਜੇ ਕਿਸੇ ਸੈਣੀ ਨੂੰ ਉਸ ਦੀ ਜਾਤ ਦੇ ਆਧਾਰ 'ਤੇ ਟਿਕਟ ਦਿੱਤੀ ਗਈ ਤਾਂ ਦੂਜੀਆਂ ਜਾਤਾਂ ਦੇ ਲੋਕ ਉਸ ਨੂੰ ਵੋਟ ਨਹੀਂ ਪਾਉਣਗੇ। ਇਹ ਸਭ ਬਹਾਨੇਬਾਜ਼ੀ ਹੈ। ਕੋਈ, ਨੇਤਾ ਜਨਮਦਿਆਂ ਹੀ ਨਹੀਂ ਬਣ ਜਾਂਦਾ।ਨੇਤਾ ਦੇ ਗੁਣ ਤਜਰਬੇ ਨਾਲ ਹੀ ਆਉਂਦੇ ਹਨ। ਚੋਣਾਂ ਵਿੱਚ ਪੈਸੇ ਅਤੇ ਸ਼ਕਤੀ ਦੀ ਵਰਤੋਂ ਨੇ ਸਾਰੇ ਰਾਜਨੀਤਿਕ ਖ਼ੇਤਰ ਨੂੰ ਗੰਦਾ ਕਰ ਦਿੱਤਾ ਹੈ।ਇਸ ਰੁਝਾਨ ਨੂੰ ਤੁਰੰਤ ਰੋਕਣ ਦੀ ਲੋੜ ਹੈ। ਜੇ ਸੈਣੀ ਆਪਣੀਆਂ ਮਨਪਸੰਦ ਰਾਜਨੀਤਿਕ ਪਾਰਟੀਆਂ ਦੇ ਦੂਜੀਆਂ ਜਾਤਾਂ ਦੇ ਉਮੀਦਵਾਰਾਂ ਨੂੰ ਵੋਟ ਪਾ ਸਕਦੇ ਹਨ ਤਾਂ ਸੈਣੀਆਂ ਨੂੰ ਦੂਜੀਆਂ ਜਾਤਾਂ ਦੇ ਵੋਟਰ ਵੋਟ ਕਿਉਂ ਨਹੀਂ ਪਾਉਣਗੇ?

ਅਸਲ ਕਾਰਨ ਇਹ ਹੈ ਕਿ ਸੈਣੀ ਬਰਾਦਰੀ ਵਿੱਚ ਏਕਤਾ ਦੀ ਘਾਟ ਹੈ।ਇਸ ਤੋਂ ਇਲਾਵਾ ਦਹਾਕਿਆਂ ਦੇ ਪਛੜੇਪਨ ਨੇ ਸੈਣੀ ਲੋਕਾਂ ਵਿੱਚ ਹੀਣਭਾਵ ਭਰ ਦਿੱਤਾ ਹੈ ਜਿਸ ਕਾਰਨ ਇਸ ਦੇ ਰਾਜਨੀਤਿਕ ਤੌਰ 'ਤੇ ਚੇਤੰਨ ਵਿਅਕਤੀ ਵੀ ਦੂਜਿਆਂ ਦੇ ਪਿਛਲਗ ਬਣਨ ਨੂੰ ਤਰਜੀਹ ਦਿੰਦੇ ਹਨ।ਹੁਣ ਕੁੱਝ ਸਾਲਾਂ ਤੋਂ ਸੈਣੀ ਬਰਾਦਰੀ ਦੇ ਲੋਕਾਂ ਨੇ ਵੀ ਰਾਜਨੀਤਿਕ ਸ਼ਕਤੀ ਦੀ ਲੋੜ ਨੂੰ ਮਹਿਸੂਸ ਕਰਨਾ ਆਰੰਭ ਕੀਤਾ ਹੈ।ਇਸ ਉਦੇਸ਼ ਦੀ ਪੂਰਤੀ ਹਿਤ ਸੈਣੀ ਭਵਨ ਰੂਪਨਗਰ ਵਿੱਚ ਬਰਾਦਰੀ ਦੇ ਸਿਰਕੱਢ ਵਿਅਕਤੀਆਂ ਦੀਆਂ ਹੋਈਆਂ ਮੀਟਿੰਗਾਂ ਸਮੇਂ ਇਹ ਫੈਸਲਾ ਕੀਤਾ ਗਿਆ ਸੀ ਕਿ ਅਸੈਂਬਲੀ ਚੋਣਾਂ ਸਮੇਂ ਆਪਣੀ ਬਰਾਦਰੀ ਦੇ ਉਮੀਦਵਾਰਾਂ ਨੂੰ ਵੋਟ ਪਾਈ ਜਾਵੇ ਉਹ ਭਾਵੇਂ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਹੋਣ।ਜੇ ਇੱਕ ਹੀ ਸੀਟ 'ਤੇ ਬਹੁਤੇ ਸੈਣੀ ਖੜ੍ਹੇ ਹੋਣ ਤਾਂ ਇਨ੍ਹਾਂ ਵਿੱਚੋਂ ਸਭ ਤੋਂ ਵੱਧ ਸਮਾਜਸੇਵੀ,ਇਮਾਨਦਾਰ ਤੇ ਸੁਹਿਰਦ ਉਮੀਦਵਾਰ ਨੂੰ ਵੋਟ ਪਾਈ ਜਾਵੇ।ਇਸ ਦੇ ਨਾਲ ਹੀ ਸੈਣੀ ਬਰਾਦਰੀ ਦੇ ਨੇਤਾਵਾਂ ਨੂੰ ਵੀ ਅਪੀਲ ਕੀਤੀ ਗਈ ਸੀ ਕਿ ਆਪਣੀ ਰਾਜਨੀਤਿਕ ਇੱਛਾਸ਼ਕਤੀ ਨੂੰ ਵਧਾ ਕੇ ਆਪਣੀ ਪਾਰਟੀ ਦੇ ਉੱਚ-ਨੇਤਾਵਾਂ ਪਾਸੋਂ ਟਿਕਟਾਂ ਦੀ ਮੰਗ ਕਰਨ ਅਤੇ ਆਪਣੀ ਸਮਰਥਾ ਨੂੰ ਵਧਾਉਂਣ ਲਈ ਸਮਾਜਸੇਵੀ ਕਾਰਜਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ।

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ,ਬਰਾਦਰੀ ਦੇ ਵੋਟਰਾਂ ਨੂੰ ਅਪੀਲ ਕਰਦੇ ਹਨ ਕਿ ਉਹ ਆਗਾਮੀ ਅਸੈਂਬਲੀ ਚੋਣਾਂ ਸਮੇ ਆਪਣੇ ਨੇਤਾਵਾਂ ਦੇ ਫੈਸਲੇ ਦੀ ਤਨ,ਮਨ ਤੇ ਧਨ ਨਾਲ ਪਾਲਣਾ ਕਰਨ। ਮੌਜੂਦਾ ਸਮੇਂ,ਰਾਜਨੀਤਿਕ ਸੱਤਾ ਵਿੱਚ ਭਾਈਵਾਲੀ ਤੋਂ ਬਗੈਰ ਆਪਣੇ ਭਾਈਚਾਰੇ ਲਈ ਇਨਸਾਫ਼ ਪ੍ਰਾਪਤ ਕਰਨਾ ਅਤਿ ਮੁਸ਼ਕਲ ਹੈ।ਇਹ ਮੰਤਵ ਕੇਵਲ ਏਕਤਾ ਨਾਲ ਹੀ ਹਾਸਲ ਕੀਤਾ ਜਾ ਸਕਦਾ ਹੈ।ਇਸ ਤੋਂ ਬਗੈਰ ਰਾਜਨੀਤਿਕ ਸੱਤਾ ਪ੍ਰਾਪਤ ਕਰਨਾ ਤਾਂ ਦੂਰ,ਇਸ ਦੇ ਦਾਹਵੇਦਾਰਾਂ ਦੀ ਲਾਈਨ ਵਿੱਚ ਲੱਗਣਾ ਵੀ ਮੁਸ਼ਕਿਲ ਹੈ।ਸੈਣੀ ਬਰਾਦਰੀ ਵਿੱਚ ਏਕਤਾ ਨੂੰ ਕਾਇਮ ਰੱਖ ਕੇ ਹੀ ਇਸ ਜਾਤ ਨਾਲ ਹੋ ਰਹੀ ਬੇਇਨਸਾਫੀ ਤੇ ਵਿਤਕਰੇ ਨੂੰ ਦੂਰ ਕਰਵਾਇਆ ਜਾ ਸਕਦਾ ਹੈ।

ਸਮੇਂ ਦੇ ਬਦਲਦੇ ਰੰਗ

## ਓਲਡ ਮੈਨ

ਤਰਲੋਚਨ ਸਿੰਘ ਦੁਪਾਲਪੁਰ

ਵਿਦੇਸ਼ ਵਿਚਲੇ ਇੱਕ ਗੁਰਦੁਆਰੇ ਦੇ ਕਮਿਊਨਿਟੀ ਸੈਂਟਰ ਵਿੱਚ ਬੈਠੇ ਦੇਸੀ ਬਜ਼ੁਰਗ ਆਪਸ ਵਿੱਚ ਗੱਪਸ਼ੱਪ ਮਾਰ ਰਹੇ ਸਨ।ਇੱਕ ਸੇਵਾਦਾਰ ਉਨ੍ਹਾਂ ਨੂੰ ਗਰਮ ਗਰਮ ਚਾਹ ਫੜਾ ਗਿਆ।ਇੱਕ ਬਾਪੂ ਨੇ ਗਲਾਸ ਜ਼ਿਆਦਾ ਗਰਮ ਹੋਣ ਕਾਰਨ ਮੇਜ਼ 'ਤੇ ਰੱਖ ਦਿੱਤਾ।ਉਸ ਨੇ ਆਪਣੇ ਘਰ ਦੀ 'ਠੰਢੀ ਚਾਹ' ਵਾਲੀ ਗੱਲ ਛੋਹ ਲਈ।"ਬੰਤਾ ਸਿਹਾਂ,ਮੈਂ ਨ੍ਹੀ ਇੱਥੇ ਰਹਿਣਾ ਭਰਾਵਾ,ਐਵੇਂ ਸਾਰੀ ਦੁਨੀਆਂ ਬਾਹਰ-ਬਾਹਰ ਦੀ ਰਟ ਲਾਈ ਜਾਂਦੀ ਐ।""ਕੀ ਗੱਲ,ਹੁਣ ਕੋਈ ਹੋਰ ਨਵਾਂ ਪੰਗਾ ਪੈ ਗਿਆ?" ਬੰਤਾ ਸਿੰਘ ਨੇ ਆਪਣੇ ਮੇਲੀ ਨੂੰ ਪੁੱਛਿਆ।ਪਹਿਲੇ ਬਜ਼ੁਰਗ ਨੇ ਪਰਵਾਸੀ ਦੁੱਖਾਂ ਦੇ ਭਰੇ ਪਏ ਗੋਹੜੇ 'ਚੋਂ ਇੱਕ ਪੂਣੀ ਕੱਤਣੀ ਸ਼ੁਰੂ ਕਰ ਲਈ,"ਕੱਲ੍ਹ ਇੱਕ ਤਾਂ ਮੇਰਾ ਚਿੱਤ ਢਿੱਲਾ-ਮੱਠਾ ਸੀ,ਉੱਤੋਂ ਸਾਰਾ ਦਿਨ ਕਿਣਮਿਣ ਹੋਈ ਗਈ।ਹੱਡ ਮੇਰੇ ਠਰੇ ਪਏ।ਨੂੰਹ-ਪੁੱਤ ਨੇ ਕੰਮਾਂ ਤੋਂ ਆਉਣਾ ਸੀ ਦੁਪਹਿਰੋਂ ਬਾਅਦ।ਕੰਬਲ 'ਚ ਗੁੱਛਾ-ਮੁੱਛਾ ਹੋ ਕੇ ਸਬਰ ਦੇ ਘੁੱਟ ਭਰਦਾ ਉਨ੍ਹਾਂ ਨੂੰ ਉਡੀਕਦਾ ਰਿਹਾ।ਉਨ੍ਹਾਂ ਤੋਂ ਪਹਿਲਾਂ ਸਕੂਲੋਂ ਨਿਆਣੇ ਆ ਗਏ,ਦੁੜੰਗੇ ਮਾਰਦੇ।ਘਰ ਵਿੱਚ ਰੱਖੇ ਕੁੱਤੇ ਨੂੰ ਉਨ੍ਹਾਂ ਲਾਡ-ਪਿਆਰ ਨਾਲ ਪੁਚਕਾਰ ਲਿਆ,ਪਰ ਮੇਰੇ ਵੱਲ ਦੇਖਿਆ ਵੀ ਨਾ।ਉਹ ਆਪਣੇ ਲਈ ਤਾਂ ਉਰਾ-ਪਰਾ ਕੱਚ-ਭੁੰਨਾ ਜਿਹਾ ਕਰ ਕੇ ਖਾ-ਪੀ ਕੇ ਆਪਣੇ ਆਪਣੇ ਕਮਰਿਆਂ ਵਿੱਚ ਜਾ ਵੜੇ।ਨੂੰਹ-ਪੁੱਤ ਆਇਆਂ ਤੋਂ ਮੈਂ ਆਪਣੇ ਪੋਤੇ ਨੂੰ ਆਵਾਜ਼ ਮਾਰੀ,ਪਰ ਕੰਨਾਂ ਨੂੰ ਖੋਪੇ ਜਿਹੇ ਲਾਈ ਉਹ ਮੇਰੇ ਵੱਲ ਬਿਨਾਂ ਝਾਕਿਆਂ ਹੀ ਕੋਲੋਂ ਲੰਘ ਗਿਆ।ਫਿਰ ਮੈਂ ਉਸ ਨੂੰ ਹੱਥ ਦੇ ਇਸ਼ਾਰੇ ਨਾਲ ਬੁਲਾਇਆ।ਮੈਨੂੰ ਚਿੜਾਉਣ ਦੇ ਮਾਰੇ ਉਸ ਨੇ ਦੋ ਕੁ ਵਾਰ ਤਾਂ ਮੋਢੇ ਜਿਹੇ ਚੜ੍ਹਾਏ,ਪਰ ਫਿਰ ਸੁਮੱਤਿਆ ਜਿਹੀ ਪੈਣ 'ਤੇ ਮੇਰੇ ਕੋਲ ਆ ਗਿਆ।ਮੈਂ ਲਾਡ-ਪਿਆਰ ਨਾਲ ਉਸ ਨੂੰ ਕਿਹਾ,"ਜਾਹ ਪੁੱਤ!ਆਪਣੀ ਮੰਮੀ ਤੋਂ ਇੱਕ ਕੱਪ ਚਾਹ ਦਾ ਬਣਾ ਕੇ ਲਿਆ।"ਉਹ ਰਸੋਈ ਵੱਲ ਦੌੜ ਗਿਆ।ਰਸੋਈ ਵਿੱਚੋਂ ਮੇਰੇ ਕੰਨੀਂ ਆਵਾਜ਼ ਪਈ,"ਮੌਮ!ਓਲਡ ਮੈਨ ਚਾਹ ਮੰਗਦਾ ਐ"।ਮੇਰਾ ਪੋਤਰਾ ਆਪਣੀ ਮਾਂ ਨੂੰ ਕਹਿ ਰਿਹਾ ਸੀ।ਇਹ ਸੁਣ ਕੇ ਮੈਂ ਸੋਚਾਂ ਕਿ ਹੇ ਮਨਾ ,ਪਿੰਡ ਵਾਲੇ ਪੋਤੇ-ਪੋਤੀਆਂ ਚਾਹ-ਰੋਟੀ ਟੈਮ ਨਾਲ ਦੇਣ ਜਾਂ ਬੇਟੈਮ ਦੇਣ ਪਰ ਇਹ ਤਾਂ ਕਹਿੰਦੇ ਆ ਕਿ ਲੈ ਬਾਬਾ ਚਾਹ ਜਾਂ ਲੈ ਬਾਬਾ ਰੋਟੀ।ਇੱਥੇ ਤਾਂ ਬਣਾ ਤਾ ਮੈਨੂੰ ਓਲਡ ਮੈਨ।ਨ੍ਹਾਰੀਂ ਘੰਟੀਂ ਚਾਹ ਮਿਲੀ,ਉਹ ਵੀ ਠੰਢੀ।"

-ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

## Rai Bahadurs, Zaildars and Zamindars of Saini Bradari

L.R. Mundra
Chairman



**Rai Bahadur**

Rai Bahadur was a very rare and prestigious honour given by British Indian Government to a dignified person who was unquestioned loyal to that government. His position was higher than zaildar. Only one dignitary held this position.

**Rai Bahadur Diwan Chand**

He was the only son of Sh. Fateh Chand (Golian), the Vazir of Chamba State.His father died in 1894 when he was only seven years old.He was brought up in Gurdaspur by Lala Ram Sharan Dass who was fast friend of Sh.Fateh chand.He passed B.A.from D.A.V.College Lahore and then got the degree of L.L.B.from Lahore.He was married to Smt.Acchran Devi who gave him two sons and eight daughters. He was a well known advocate of criminal cases and social worker of Gurdaspur.He was much respected person in corridors of British Government. He was rewarded with many murabbas of land by that govt.R.B.Diwan Chand was also honoured with the title of M.B.E.

(Source:Book 'Saini Jagat' by S.Surjit Singh Nanuan)

**Zaildars**

Zaildar was a native officer in-charge of a Zail in the colonial rural administration of Panjab in British India.Each Zail was an administrative unit having 2 to 40 villages.A Zaildar was more influential than a Lamberdar. He was handpicked by Deputy Commissioner after consideration of caste, tribe, local influence, extent of land holding, services renderded to the state and personal ability. Zaildars were essentially revenue collectors and representatives of the state and were paid for their duties, life grants equal to one percent of the revenue of their zail.

Following are some of the known zaildars of Saini Bradri.

- **Chaudhary Jawahir Singh** - He was the Zaildar of Hoshiarpur with 19 villages under him.
- **Chaudhary Jaimal Singh** -He was the Zaildar of Dasuya owning 22 villages.
- **Chaudhary Mohan Lal** -He was the Zaildar of Hissar.
- **Chaudhary Nand Ram Saini** -He became the Zaildar of Hissar after the death of his father, Ch. Mohan Lal. He gave up this rank in 1921 when he became member of congress. He was also Head of Hindu Mahan Sabha of Hissar. He died in 1973 at the age of 90.
- **Chaudhary Bhola Ram** -He was the Zaildar of Bhola Chak 178, Baria now in Pakistan.
- **S.Sujan Singh Saini** -He was the son of S.Jai Singh Saini who was a member of nobility of Patiala State. S.Jai Singh was a descendant of S.Nanu Singh Saini and was the royal poet and close advisor of Maharaja Karam Singh of Patiala State.S.Sujan Singh's estate was the second largest in Phulkiyan Riyasat, that any nobleman owned.

**Zamindars-**

**Ch.Takhth Mal Bhondi** -He was a leading landlord of Bhogpur in Jalandhar.

**Ch.Raj Mal** -He was the brother of Ch.Takhat Mal owning 5 villages between Bhundian and Bhogpur. Dr.M.G.Hashmat the former dean of Kurukshetra Uni.was his desendant.This Saini family built the Sufi shrine of Madali Sharif .Muslims and Hindus both worshiped this shrine.

**Ch.Ganda Ram Saini**- :Belonging to village Haveli Khurd near Ropar, was the big landowner.

## ਸਦਾ ਨਾ ਰਹਿੰਦੀ ਰਾਤ

ਸੰਤੋਖ ਸਿੰਘ ਧੀਰ

ਟੀਸੀ ਉੱਤੇ ਪੁੱਜਿਆ, ਅੱਜ ਪਾਪਾਂ ਦਾ ਰਾਜ ।
ਦਿਨ ਧੌਲੇ ਹੈ ਲੁੱਟਦੀ,ਹੈ ਗਰੀਬ ਦੀ ਲਾਜ ।
ਉਹਲੇ ਬਹਿ ਕੇ ਧਰਮ ਦੇ, ਪਲਦਾ ਹੈ ਵਿਭਚਾਰ ।
ਖੱਲ ਭੇਡਾਂ ਦੀ ਚਿੱਟੜੀ,ਪਾ ਬੈਠੇ ਬਘਿਆੜ ।
ਰਾਤ ਹਨੇਰੀ ਸੰਘਣੀ, ਹੱਥ ਨਾ ਲੱਭੇ ਹੱਥ ।
ਕੱਠੇ ਹੋ ਕੇ ਤਾਰਿਆਂ,ਜੋੜ ਲਈ ਪਰ ਸੱਥ ।
ਕੌਣ ਸਮੇਂ ਦੇ ਤੋਰ ਨੂੰ,ਹੈ ਰੋਕਣ ਦੇ ਤੁੱਲ ?
ਹਿੱਕ ਪੱਥਰ ਦੀ ਚੀਰ ਕੇ, ਉੱਗਣ ਸੂਹੇ ਫੁੱਲ ।
ਕੌਣ ਹਵਾ ਦੇ ਵੇਗ ਨੂੰ, ਸਕਦਾ ਏ ਖਲ੍ਹਿਆਰ ?
ਕੌਣ ਜੋ ਮੋੜੇ ਵਹਿਣ ਤੋਂ, ਸ਼ਹੁ-ਪੱਥਰਾਂ ਦੀ ਧਾਰ ?
ਸਮਾਂ ਵਾਜਾਂ ਮਾਰਦਾ, ਲੋਕਾ! ਪੱਗ ਸੰਭਾਲ ।
ਚਿੜੀਆਂ ਦਾ ਹੈ ਟਾਕਰਾ, ਅੱਜ ਬਾਜਾਂ ਦੇ ਨਾਲ ।
ਸੂਤੀ ਨਵੇਂ ਮਨੁੱਖ ਨੇ, ਏਕੇ ਦੀ ਤਲਵਾਰ ।
ਰਾਤ ਹਨੇਰੀ ਵਿੱਚ ਜਿਉਂ, ਬਿਜਲੀ ਦਾ ਚਮਕਾਰ ।
ਰਾਤ ਹਨੇਰੀ ਮੁੱਕਣੀ, ਮੁੱਕਣ ਲੱਗੀ ਤਾਂਘ ।
ਹੋਣੀ ਅੱਜ ਮਨੁੱਖ ਦੀ, ਚੜ੍ਹਦੇ ਸੂਰਜ ਵਾਂਗ ।

ਆਪਣੀ ਛਾਂ ਕਰਕੇ ਹੀ ਹੁੰਦੀ ਹੈ ਇਬਾਦਤ ਬਿਰਖ ਦੀ,
ਕੁਰਸੀ ਬਣ ਕੇ ਪਰ ਬਦਲ ਜਾਂਦੀ ਹੈ ਫ਼ਿਤਰਤ ਬਿਰਖ ਦੀ।

ਰਾਤ ਨੂੰ ਰਾਤ ਆਖਾਂ, ਇਹ ਨਹੀਂ ਉਸ ਨੂੰ ਕਬੂਲ,
ਰਾਤ ਨੂੰ ਦਿਨ ਕਹਿਣ ਦਾ, ਹੁਨਰ ਮੈਨੂੰ ਆਉਂਦਾ ਨਹੀਂ।

### ਵਧਾਈ

ਭਾਰਤ ਦੀ ਜੂਨੀਅਰ ਹਾਕੀ ਟੀਮ (ਲੜਕੇ) ਨੂੰ ਵਿਸ਼ਵ ਕੱਪ ਜਿੱਤਣ 'ਤੇ ਲੱਖ ਲੱਖ ਵਧਾਈ। ਭਾਰਤ ਨੂੰ ਇਹ ਸਫ਼ਲਤਾ ਡੇਢ ਦਹਾਕੇ ਤੋਂ ਬਾਅਦ ਨਸੀਬ ਹੋਈ ਹੈ। ਇਸ ਟੀਮ ਦੀ ਅਗਵਾਈ ਕੁਰਾਲੀ ਨੇੜਲੇ ਪਿੰਡ ਨਿਹੋਲਕਾ ਦੇ ਹਰਜੀਤ ਸਿੰਘ ਨੇ ਕੀਤੀ ਹੈ। ਇਸ ਟੀਮ ਵਿੱਚ ਪੰਜਾਬ ਦੇ ਨੌ ਖਿਡਾਰੀ ਸ਼ਾਮਲ ਹਨ।



## ਗਜ਼ਲ

ਬਲਬੀਰ ਸਿੰਘ
ਨੰਗਲ

ਨਾ ਜ਼ਰ ਨਾਲ ਤੇ ਨਾ ਰਹਿ ਕੇ ਜ਼ਰਦਾਰਾਂ ਨਾਲ,
ਇੱਜ਼ਤ ਹੁੰਦੀ ਹੈ ਬੰਦੇ ਦੀ, ਕਿਰਦਾਰਾਂ ਨਾਲ।
ਕੱਪੜਿਆਂ ਵਾਂਗੂ ਬਦਲਣ ਜੋ ਆਗੋਸ਼ ਸਦਾ,
ਸਾਡੀ ਕਦ ਨਿਭਣੀ ਐਸੇ ਬਦਕਾਰਾਂ ਨਾਲ?
ਫੁੱਲਾਂ ਆਪੇ ਆਲ-ਦੁਆਲੇ ਫਿਰਨਾ ਹੈ,
ਯਾਰੀ ਲਾ ਕੇ ਵੇਖੋ ਤਿੱਖੇ ਖਾਰਾਂ ਨਾਲ।
ਮਸਤੀ ਦੇ ਵਿੱਚ ਝੂਮਣ ਤੇਰੀਆਂ ਜ਼ੁਲਫ਼ਾ ਤਦ,
ਛੂਹੀਆਂ ਜਦ ਜਦ ਉਹ ਤੇਰੇ ਰੁਖ਼ਸਾਰਾਂ ਨਾਲ।
ਮੰਨਿਆਂ ਸਮਾਂ ਗੁਲਾਮੀ ਦਾ ਸੀ ਉਹ ਤਾਂ ਪਰ,
ਕੀ ਕੀ ਨਹੀਂ ਹੁੰਦਾ ਹੈ ਅੱਜ ਵੀ ਨਾਰਾਂ ਨਾਲ?
ਹੁਸਨ,ਜੁਆਨੀ,ਮਾਪੇ,ਤ੍ਰਿੰਜਣ ਦੀਆਂ ਕੁੜੀਆਂ,
ਮੇਲ ਨਹੀਂ ਹੁੰਦਾ ਮੁੜ ਕੇ ਇਨ੍ਹਾਂ ਚਾਰਾਂ ਨਾਲ।
ਕਰਾਮਾਤ ਨਹੀਂ ਵੈਦਾ ਤੇਰੀਆਂ ਪੁੜੀਆਂ ਦੀ,
ਮੂੰਹ 'ਤੇ ਰੌਣਕ ਆਈ ਹੈ ਦੀਦਾਰਾਂ ਨਾਲ।
ਇਹ ਤਾਂ 'ਸੈਣੀ'ਅਟੱਲ ਸਚਾਈ ਹੈ ਜੱਗ ਵਿੱਚ,
ਪੱਗ ਦੀ ਲਾਜ ਸਲਾਮਤ ਹੈ ਸਰਦਾਰਾਂ ਨਾਲ।

## ਵਿਅੰਗ

ਅੱਜ ਕੱਲ੍ਹ 'ਤੇ ਜ਼ਹਿਰ ਦਾ ਭੀ ਕੋਈ ਨਹੀਂ ਵਿਸਾਹ।
ਜੇ ਮਰਨ ਦੀ ਸਲਾਹ ਹੈ ਤਾਂ ਹਸਪਤਾਲ ਜਾਹ॥
ਜਦੋ ਮੁਫ਼ਤ ਵਿੱਚ ਸਰਕਾਰ ਨੇ ਕੀਤਾ ਇੰਤਜ਼ਾਮ,
ਪੈਸੇ ਲਗਾ ਕੇ ਮੂਰਖਾ ਲਟਕੇਂਗਾ ਖ਼ਾਹ-ਮਖ਼ਾਹ॥

ਮਧੂ ਮਿਹ ਦਾ ਰੋਗੀ ਹਾਂ ਮੈਂ,
ਦਿਲ ਦੀ ਚਾਲ ਹੋਈ ਬੇਤਾਲ।
ਗੁਰਦੇ ਦੇ ਵਿੱਚ ਪੱਥਰੀਆਂ ਹਨ,
ਭਰਿਆ ਪੇਟ ਗਦੂਦਾਂ ਨਾਲ।
ਸੁਣ ਕੇ ਡਾਕਟਰ ਸਾਹਿਬ ਬੋਲੇ,
ਮੈਂ ਤਾਂ ਸਿਰਫ ਮੁਰੰਮਤ ਕਰਦਾਂ।
ਨੀਲੀ ਛੱਤ ਵਾਲਾ ਹੀ ਕੇਵਲ,
ਕਰਿਆ ਕਰਦੈ ਓਵਰ-ਹਾਲ ॥

-ਪ੍ਰਿੰ. ਰਾਜਿੰਦਰ ਸਿੰਘ ਮਕਰੰਦ

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਬਲਬੀਰ ਸਿੰਘ ਸੈਣੀ
ਜਨਰਲ ਸਕੱਤਰ



## ਸਾਲਾਨਾ ਸਿੱਖਿਆ ਸਮਾਗਮ :

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਵਲੋਂ 8 ਅਕਤੂਬਰ 2016 ਨੂੰ ਸੈਣੀ ਭਵਨ ਰੂਪਨਗਰ ਵਿਖੇ ਪ੍ਰਭਾਵਸ਼ਾਲੀ ਸਾਲਾਨਾ ਸਿੱਖਿਆ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਦੌਰਾਨ ਸਿੱਖਿਆ 'ਚ ਬਿਹਤਰ ਨਤੀਜੇ ਹਾਸਲ ਕਰਨ ਵਾਲੇ 96 ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਸਾਲ 2016-17 ਆਪਣੀ ਪੜ੍ਹਾਈ ਜਾਰੀ ਰੱਖਣ ਲਈ 6 ਲੱਖ 48 ਹਜ਼ਾਰ 4 ਸੌ ਰੁਪਏ ਦੇ ਸਕਾਲਰਸ਼ਿਪ ਵੰਡੇ ਗਏ। ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਸਮਾਜ ਸੇਵਕ ਸ਼੍ਰੀ ਕਮਲਦੀਪ ਸੈਣੀ ਕਲੋਨਾਇਜ਼ਰ ਨੇ ਸ਼ਿਰਕਤ ਕੀਤੀ। ਉਨ੍ਹਾਂ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸਿੱਖਿਆ ਅਤੇ ਲੋਕ ਭਲਾਈ ਦੇ ਕਾਰਜਾਂ 'ਚ ਪਾਏ ਜਾ ਰਹੇ ਯੋਗਦਾਨ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਲੋਕ ਅਜਿਹੇ ਲੋਕਾਂ ਨੂੰ ਹਮੇਸ਼ਾਂ ਯਾਦ ਰੱਖਦੇ ਹਨ ਜੋ ਸਮਾਜ ਲਈ ਕੁੱਝ ਕਰਨ ਦਾ ਜਜ਼ਬਾ ਰੱਖਦੇ ਹਨ। ਉਨ੍ਹਾਂ ਸੰਸਥਾਂ ਨੂੰ ਸਮਾਜਿਕ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ 21 ਹਜ਼ਾਰ ਰੁਪਏ ਦੇਣ ਦੀ ਘੋਸ਼ਣਾ ਵੀ ਕੀਤੀ। ਸਮਾਰੋਹ 'ਚ ਪੰਜਾਬ ਦੇ ਇੰਟਕ ਆਗੂ ਸੁਖਦੇਵ ਸਿੰਘ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ।

## ਮੈਗਜ਼ੀਨ ਦਾ ਰਿਲੀਜ਼ :

ਇਸ ਸਮੇਂ ਮੁੱਖ ਮਹਿਮਾਨ ਕਮਲਦੀਪ ਸੈਣੀ ਨੇ ਸੰਸਥਾ ਵਲੋਂ ਜਾਰੀ ਕੀਤੇ ਜਾਂਦੇ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 23ਵਾਂ ਅੰਕ ਵੀ ਜਾਰੀ ਕੀਤਾ। ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਸਹਿਯੋਗ ਦੇਣ ਵਾਲੇ ਦਾਨੀ ਵਿਅਕਤੀਆਂ ਦਾ ਧੰਨਵਾਦ ਕੀਤਾ।

## ਭਾਸ਼ਨ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ

ਸਮਾਰੋਹ ਦੌਰਾਨ ਆਈ.ਆਈ.ਟੀ. ਰੂਪਨਗਰ ਦੇ ਫੈਕਲਟੀ ਸ਼੍ਰੀ ਮੁਕੇਸ਼ ਸੈਣੀ ਨੇ ਵਿਦਿਆਰਥੀਆਂ ਨਾਲ ਕਾਮਯਾਬੀ ਦੇ ਨੁਕਤੇ ਸਾਂਝੇ ਕੀਤੇ। ਸੈਣੀ ਭਵਨ ਦੇ ਪ੍ਰਬੰਧਕਾਂ ਟਰੱਟਸਟੀਆ ਤੇ ਦਾਨੀਆਂ, ਆਈ. ਆਈ. ਟੀ. ਫੈਕਲਟੀ ਮੁਕੇਸ਼ ਸੈਣੀ, ਅੰਤਰਰਾਸ਼ਟਰੀ ਬੈਡਮਿੰਟਨ ਖਿਡਾਰੀ ਰੁਪਿੰਦਰ ਸਿੰਘ ਦਾ ਸਨਮਾਨ ਵੀ ਕੀਤਾ ਗਿਆ। ਟਰੱਸਟ ਵਲੋਂ 24 ਸਤੰਬਰ ਨੂੰ ਪੰਜਾਬੀ ਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਕਰਵਾਏ ਗਏ ਭਾਸ਼ਣ ਮੁਕਾਬਲਿਆਂ ਵਿੱਚ ਪਹਿਲੇ, ਦੂਜੇ, ਤੀਜੇ, ਚੌਥੇ ਤੇ ਪੰਜਵੇਂ ਸਥਾਨਾਂ ਤੇ ਆਏ 10 ਵਿਦਿਆਰਥੀਆਂ ਨੂੰ ਕ੍ਰਮਵਾਰ ਦੋ-ਦੋ ਹਜ਼ਾਰ, ਸੋਲਾਂ-ਸੋਲਾਂ ਸੌ, ਬਾਰਾਂ-ਬਾਰਾਂ ਸੌ, ਪੰਜ-ਪੰਜ ਸੌ ਦੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਤੋਂ ਇਲਾਵਾ ਸੰਸਥਾ 'ਚ ਵੱਖ-ਵੱਖ ਕੋਰਸ ਮੁਕੰਮਲ ਕਰਨ ਵਾਲੇ ਸਿਲਾਈ ਕਢਾਈ ਤੇ ਫੈਸ਼ਨ ਡਿਜ਼ਾਇਨ ਦੇ ਸਿੱਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ।

## ਇਨਾਮ ਵੰਡ :

ਸੰਸਥਾ ਵਿੱਚ ਕਰਵਾਏ ਗਏ ਹੁਨਰ ਮੁਕਾਬਲਿਆਂ 'ਚ ਜੇਤੂ ਰਹੇ ਸਿੱਖਿਆਰਥੀਆਂ, ਸਮਾਗਮ 'ਚ ਰੰਗਾਂ ਰੰਗ ਪ੍ਰੋਗਰਾਮ ਪੇਸ਼ ਕਰਨ ਵਾਲੇ ਸਿੱਖਿਆਰਥੀਆਂ ਨੂੰ ਇਨਾਮ ਦਿੱਤੇ ਗਏ। ਸਮਾਗਮ 'ਚ ਆਏ ਮੁੱਖ ਮਹਿਮਾਨ, ਪਤਵੰਤੇ ਵਿਅਕਤੀਆਂ ਦਾ ਪੀ.ਆਰ.ਓ. ਰਾਜਿੰਦਰ ਸੈਣੀ ਨੇ ਸਵਾਗਤ ਕੀਤਾ ਅਤੇ ਚੇਅਰਮੈਨ ਐੱਲ.ਆਰ.ਮੁੰਦਰਾ ਨੇ ਟਰੱਸਟ ਦੇ ਲੋਕ ਭਲਾਈ ਉਦੇਸ਼ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੌਰਾਨ ਸੰਸਥਾ ਦੇ ਅਹੁਦੇਦਾਰਾਂ ਡਾ. ਜਸਵੰਤ ਕੌਰ ਨੇ ਵਿਦਿਆਰਥੀਆਂ ਨਾਲ ਸਭਿਅਕ ਸਮਾਜ ਬਾਰੇ ਗੱਲਬਾਤ ਸਾਂਝੀ ਕੀਤੀ, ਰਾਮ ਸਿੰਘ ਸੈਣੀ ਨੇ ਮੁੱਖ ਮਹਿਮਾਨ ਬਾਰੇ ਜਾਣੂ ਕਰਵਾਇਆ ਅਤੇ ਇੰਜ: ਕਰਨੈਲ ਸਿੰਘ ਤੇ ਇੰਜ: ਹਰਜੀਤ ਸਿੰਘ ਸੈਣੀ ਨੇ ਸੰਸਥਾ ਦੇ ਦਾਨੀਆਂ ਵਿਅਕਤੀਆਂ ਤੇ ਸਕਾਲਰਸ਼ਿਪ ਲੈਣ ਵਾਲੇ ਵਿਦਿਆਰਥੀਆਂ ਬਾਰੇ ਰਿਪੋਰਟਾਂ ਪੇਸ਼ ਕੀਤੀਆਂ।

ਇਸ ਮੌਕੇ ਰਾਜਿੰਦਰ ਸਿੰਘ, ਅਜਮੇਰ ਸਿੰਘ ਧਮੜੈਤ, ਗੁਰਚਰਨ ਸਿੰਘ, ਪ੍ਰਿਤਪਾਲ ਸਿੰਘ, ਸਤੀਸ਼ ਸੈਣੀ, ਬੀ.ਐੱਸ.ਪਾਬਲਾ, ਅਮਰਜੀਤ ਸਿੰਘ, ਚਰਨਦੀਪ ਸਿੰਘ, ਪ੍ਰੋ. ਮਲਕੀਅਤ ਸਿੰਘ, ਰਾਵਿੰਦਰ ਸਿੰਘ ਮੁੰਦਰਾ, ਸੁਰਿੰਦਰ ਸਿੰਘ, ਇੰਜ: ਅਮਰੀਕ ਸਿੰਘ, ਸੰਤੋਸ਼ ਸੈਣੀ, ਸੁਮਿਤਾ ਸੈਣੀ, ਭਗਵੰਤ ਕੌਰ, ਹਰਦੀਪ ਸਿੰਘ, ਅਵਤਾਰ ਸਿੰਘ ਲੌਂਗੀਆ ਆਦਿ ਹਾਜ਼ਰ ਸਨ।

## ਦਾਨੀ ਪੁਰਸ਼ਾਂ ਦਾ ਸਨਮਾਨ :

ਨੈਸ਼ਨਲ ਇੰਸਟਰੂਮੈਂਟਸ ਲਿਮਟਿਡ ਕਲਕੱਤਾ ਦੇ ਸਾਬਕਾ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਸ. ਬਲਦੇਵ ਸਿੰਘ ਮੁੰਦਰਾ ਦਾ 27 ਅਕਤੂਬਰ 2016 ਨੂੰ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਸਨਮਾਨ ਕੀਤਾ। ਆਪਣੇ ਵਿਦਵਤਾ ਭਰਪੂਰ ਭਾਸ਼ਣ ਵਿੱਚ ਮੁੰਦਰਾ ਸਾਹਿਬ ਨੇ ਕਿਹਾ ਕਿ ਸਮਾਜ ਵਿੱਚ ਉਹ ਲੋਕੀਂ ਹੀ ਸ਼ੋਹਰਤ ਤੇ ਮਾਣ ਹਾਸਲ ਕਰਦੇ ਹਨ ਜੋ ਬਿਨਾਂ ਕਿਸੇ ਲਾਲਚ ਦੇ ਲੋਕ ਸੇਵਾ ਨੂੰ ਸਮਰਪਿਤ ਹੋ ਕੇ ਕੰਮ ਕਰਦੇ ਹਨ।

ਉਨ੍ਹਾਂ ਇਸ ਗੱਲ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਸੈਣੀ ਭਵਨ ਦੀ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਵਲੋਂ ਇੱਕ ਟੀਮ ਦੇ ਰੂਪ ਵਿੱਚ ਸਮਾਜਸੇਵਾ ਦੇ ਕੰਮ ਕੀਤੇ ਜਾ ਰਹੇ ਹਨ। ਇਹੋ ਕਾਰਨ ਹੈ ਕਿ ਸਮਾਜਸੇਵਾ ਪ੍ਰਤਿ ਉਸਾਰੂ ਸੋਚ ਰੱਖਣ ਵਾਲੇ ਲੋਕੀਂ ਇਸ ਸੰਸਥਾ ਨਾਲ ਲਗਾਤਾਰ ਜੁੜ ਰਹੇ ਹਨ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਨੂੰ ਆਪਣੀ ਸਮਰਥਾ ਅਨੁਸਾਰ ਲੋੜਵੰਦ ਲੋਕਾਂ ਦੀ ਮੱਦਦ ਕਰਨ ਲਈ ਯੋਗਦਾਨ

ਬਾਕੀ ਸਫਾ 9 ਤੇ......

# ਅੰਕਾਂ ਦਾ ਜਾਦੂਗਰ - ਗਣਿਤ ਸ਼ਾਸਤ੍ਰੀ ਰਾਮਾਨੁਜਨ



ਇੰਜ: ਹਰਜੀਤ ਸਿੰਘ
ਰੂਪਨਗਰ

ਗਣਿਤ ਦੇ ਇਤਿਹਾਸ ਦੀ ਵਚਿੱਤਰ ਪ੍ਰਤਿਭਾ ਹੈ- ਸ਼੍ਰੀਨਿਵਾਸ ਰਾਮਾਨੁਜਨ । ਉਹ ਜੋਬਨ ਰੁੱਤੇ ਮਰਨ ਵਾਲਾ ਵਿਲੱਖਣ ਵਿਗਿਆਨੀ ਹੈ। ਉਸ ਦਾ ਜੀਵਨ ਵੀ ਬੜਾ ਹੀ ਦੁਖਦਾਈ ਹੋ ਨਿਬੜਿਆ ਜਿਸ ਕਾਰਨ ਉਹ ਸਿਖਰ ਦੁਪਹਿਰੇ ਹੀ ਚੱਲ ਵਸਿਆ।

ਅਜੋਕੇ ਮਦਰਾਸ (ਚੇਨੱਈ) ਤੋਂ ਚਾਰ ਸੌ ਕਿਲੋਮੀਟਰ ਦੂਰ ਪਿੰਡ ਇਰੋਡ ਵਿੱਚ ਉਹ ਆਪਣੇ ਨਾਨਕੇ ਘਰ ਜਨਮਿਆ। ਇੱਕ ਸਾਲ ਦੀ ਉਮਰ ਵਿੱਚ ਉਹ ਕੁੰਭਕੋਨਮ ਕਸਬੇ ਵਿਖੇ ਆਪਣੇ ਪਿਤਾ ਕੋਲ ਆਇਆ। ਮਾਂ ਦਾ ਨਾਂ ਕੋਮਲ ਲਤਾ ਅਮਾਲ ਤੇ ਪਿਤਾ ਦਾ ਕੇ. ਸ੍ਰੀਨਿਵਾਸ ਆਇੰਗਰ। 1897 ਵਿੱਚ ਪੰਜਵੀਂ ਵਿੱਚ ਉਹ ਸਾਰੇ ਤੰਜਾਵੂਰ ਜ਼ਿਲ੍ਹੇ ਵਿੱਚੋਂ ਅੱਵਲ ਰਿਹਾ। ਹਿਸਾਬ ਵਿੱਚ ਇੰਨਾ ਤੇਜ਼ ਕਿ ਉਸ ਤੋਂ ਆਪਣੀ ਜਮਾਤ ਦੇ ਹੀ ਨਹੀਂ ਉਚੇਰੀ ਜਮਾਤ ਦੇ ਬੱਚੇ ਵੀ ਸਵਾਲ ਸਮਝਣ ਆਉਂਦੇ। ਸਵਾਲ ਕੱਢਦੇ ਸਮੇਂ ਉਹ ਕਈ ਪੜਾਅ ਜ਼ੁਬਾਨੀ ਛੜੱਪੇ ਮਾਰ ਕੇ ਕੱਢਦਾ। ਪ੍ਰਾਇਮਰੀ ਕਰ ਕੇ ਉਹ ਕੁੰਭਕੋਨਮ ਦੇ ਸਰਕਾਰੀ ਹਾਈ ਸਕੂਲ ਵਿੱਚ ਪੜ੍ਹਨ ਲੱਗਾ। ਅੱਠਵੀਂ ਵਿੱਚ ਪੜ੍ਹਦੇ ਨੇ ਉਸ ਬੀ.ਏ. ਦੀ ਟ੍ਰਿਗਨੋਮੈਟਰੀ ਮੰਗ ਕੇ ਸਾਰੀ ਪੜ੍ਹੀ। ਪੜ੍ਹੀ ਹੀ ਨਹੀਂ, ਇਸ ਦੇ ਸਾਰੇ ਸਵਾਲ ਹੱਲ ਕਰ ਦਿੱਤੇ। ਦਸਵੀਂ ਵਿੱਚ ਪੜ੍ਹਦੇ ਸਮੇਂ ਇੰਜ ਹੀ ਉਸ ਨੇ ਸਥਾਨਕ ਕਾਲਜ ਦੀ ਲਾਇਬ੍ਰੇਰੀ ਵਿੱਚੋਂ ਕਿਸੇ ਦੋਸਤ ਦੀ ਮੱਦਦ ਨਾਲ ਜਾਰਜ ਸ਼ੂਬਰਿਜ ਕਾਰ ਦੀ ਕਿਤਾਬ 'ਏ ਸਿਨਾਪਸਿਜ਼ ਆਫ ਐਲੀਮੈਂਟਰੀ ਰਿਜ਼ਲਟਸ ਇਨ ਪਿਓਰ ਐਂਡ ਅਪਲਾਈਡ ਮੈਥੇਮੈਟਿਕਸ' ਕਢਵਾਈ। ਇਸ ਵਿੱਚ ਅਲਜ਼ਬਰਾ, ਜਮੈਟਰੀ, ਕੈਲਕੁਲਸ ਤੇ ਟ੍ਰਿਗਨੋਮੈਟਰੀ ਦੇ ਹਜ਼ਾਰਾਂ ਫਾਰਮੂਲੇ ਹਨ। ਕਾਰ ਨੇ ਇਨ੍ਹਾਂ ਨੂੰ ਤਰਤੀਬਵਾਰ ਹੱਲ ਨਹੀਂ ਕੀਤਾ। ਸਰਸਰੀ ਵਿਆਖਿਆ ਕੀਤੀ ਹੈ ਜਾਂ ਹਿੰਟ ਹੀ ਦਿੱਤੇ ਹਨ। ਰਾਮਾਨੁਜਨ ਨੂੰ ਸ਼ੌਂਕ ਚੜ੍ਹਿਆ ਤੇ ਉਸ ਨੇ ਆਪ ਹੀ ਸਾਰੇ ਫਾਰਮੂਲੇ ਹੱਲ ਕਰਨੇ ਸ਼ੁਰੂ ਕਰ ਦਿੱਤੇ। ਕਾਰ ਤੇ ਉਸ ਦੀ ਕਿਤਾਬ ਹੁਣ ਸਿਰਫ਼ ਰਾਮਾਨੁਜਨ ਨਾਲ ਜੁੜਨ ਕਰਕੇ ਹੀ ਜ਼ਿੰਦਾ ਹੈ। ਉਂਜ ਇਸ ਨੂੰ ਲੋਕ ਭੁੱਲ ਭੁਲਾ ਚੁੱਕੇ ਹਨ। ਫਾਰਮੂਲੇ ਹੱਲ ਕਰਦਿਆਂ ਉਸ ਦਾ ਗਣਿਤ ਦਾ ਸ਼ੌਕ ਹੋਰ ਵਧਿਆ ਤੇ ਉਸ ਨੇ ਕਈ ਨਵੇਂ ਫਾਰਮੂਲੇ ਸਿਰਜੇ।

ਸੰਨ 1904 ਵਿੱਚ ਦਸਵੀਂ ਕਰ ਕੇ ਉਹ ਵਜ਼ੀਫਾ ਲੈ ਕੇ ਐੱਫ.ਏ. ਵਿੱਚ ਕੁੰਭਕੋਨਮ ਦੇ ਸਰਕਾਰੀ ਕਾਲਜ ਵਿੱਚ ਦਾਖ਼ਲ ਹੋ ਗਿਆ। ਗਣਿਤ ਨਾਲ ਉਸ ਦਾ ਇਸ਼ਕ ਇੰਨਾ ਵਧਿਆ ਕਿ ਉਹ ਗਣਿਤ ਨੂੰ ਛੱਡ ਕੇ ਸੱਭ ਮਜ਼ਬੂਨਾਂ ਵਿੱਚ ਫੇਲ੍ਹ ਹੋ ਗਿਆ। ਮਾਪਿਆਂ ਨੇ ਉਸ ਨੂੰ ਮਦਰਾਸ ਦੇ ਪਚਈਅੱਪਾ ਕਾਲਜ ਵਿਚ ਦਾਖ਼ਲ ਕਰਵਾ ਦਿੱਤਾ। ਇੱਥੇ ਗਣਿਤ ਦਾ ਪ੍ਰੋਫੈਸਰ ਪੀ.ਐੱਸ. ਮਦਲਿਆਰ ਉਸ ਤੋਂ ਬੜਾ ਪ੍ਰਭਾਵਿਤ ਹੋਇਆ। ਉਹ ਰਾਮਾਨੁਜਨ ਨਾਲ ਰਲ ਕੇ ਗਣਿਤ ਦੇ ਔਖੇ ਔਖੇ ਸਵਾਲ ਕੱਢਦਾ। ਲੱਗਦਾ ਸੀ ਕਿ ਸਭ ਕੁੱਝ ਠੀਕ ਹੋ ਜਾਵੇਗਾ, ਪਰ ਗਣਿਤ ਦੇ ਇਸ਼ਕ ਕਾਰਨ ਰਾਮਾਨੁਜਨ ਫਿਰ ਐੱਫ.ਏ. ਵਿੱਚ ਫੇਲ੍ਹ ਹੋ ਕੇ ਖਾਲੀ ਹੱਥ ਕੁੰਭਕੋਨਮ ਮੁੜ ਆਇਆ। ਕੱਪੜੇ ਦੀ ਦੁਕਾਨ ਉੱਤੇ ਮੁਨੀਮ ਗ਼ਰੀਬ ਪਿਤਾ ਹੱਥ ਮਲ ਕੇ ਰਹਿ ਗਿਆ। ਰਾਮਾਨੁਜਨ ਗਣਿਤ ਦੀਆਂ ਟਿਊਸ਼ਨਾਂ ਪੜ੍ਹਾਉਂਦਾ। ਛੜੱਪੇ ਮਾਰ ਮਾਰ ਸਵਾਲ ਕੱਢਦਾ ਤੇ ਕਈ ਵਾਰ ਹੋਰ ਹੀ ਪਾਸੇ ਤੁਰ ਪੈਂਦਾ। ਸਿਲੇਬਸ ਦਾ ਸਿਰ ਪੈਰ ਭੁੱਲ ਜਾਂਦਾ। ਵਿਦਿਆਰਥੀ ਉਸ ਦੀ ਲਿਆਕਤ ਦਾ ਸਤਿਕਾਰ ਕਰਦੇ, ਪਰ ਪ੍ਰੀਖਿਆ ਪੱਖੋਂ ਉਸ ਦੀ ਟਿਊਸ਼ਨ ਉਨ੍ਹਾਂ ਨੂੰ ਲਾਹੇਵੰਦ ਨਾ ਲਗਦੀ। ਉਸ ਨੇ 1904 ਤੋਂ 1914 ਤੱਕ ਗਣਿਤ ਉੱਤੇ ਸ਼ੌਕੀਆ ਕੰਮ ਕਰਦੇ ਕਰਦੇ ਤਿੰਨ ਕਾਪੀਆਂ ਭਰ ਦਿੱਤੀਆਂ। ਅੱਜ ਇਹ ਪ੍ਰਕਾਸ਼ਿਤ ਰੂਪ ਵਿੱਚ ਨੋਟਬੁਕਸ ਆਫ ਰਾਮਾਨੁਜਨ ਵਜੋਂ ਪ੍ਰਸਿੱਧ ਹਨ। ਇਨ੍ਹਾਂ ਵਿਚਲਾ ਕਈ ਕੁੱਝ ਅੱਜ ਵੀ ਗਣਿਤ ਵਿਗਿਆਨੀਆਂ ਲਈ ਬੁਝਾਰਤ ਹੈ।



ਇਸ ਦੌਰਾਨ 1909 ਵਿੱਚ ਮਾਤਾ ਪਿਤਾ ਨੇ ਜਾਨਕੀ ਨਾਂ ਦੀ ਕੁੜੀ ਨਾਲ ਉਸ ਦਾ ਵਿਆਹ ਕਰ ਦਿੱਤਾ ਤਾਂ ਕਿ ਉਹ ਗਣਿਤ ਦੇ ਇਸ਼ਕ ਉੱਤੇ ਰਤਾ ਕਾਬੂ ਪਾ ਲਵੇ। ਡਿਗਰੀ ਦੀ ਅਣਹੋਂਦ ਕਾਰਨ ਨੌਕਰੀ ਲਈ ਉਸ ਨੂੰ ਹਰ ਥਾਂ ਜਵਾਬ ਮਿਲਦਾ। ਕੋਈ ਵਾਕਫ਼ ਉਸ ਨੂੰ ਨੈਲੋਰ ਦੇ ਜ਼ਿਲ੍ਹਾ ਕੁਲੈਕਟਰ ਰਾਮਾਚੰਦਰ ਰਾਓ ਕੋਲ ਲੈ ਗਿਆ। ਗਣਿਤ ਪ੍ਰੇਮੀ ਰਾਓ ਨੇ ਉਸ ਨੂੰ ਕਿਹਾ ਕਿ "ਤੂੰ ਗਣਿਤ ਉੱਤੇ ਕੰਮ ਕਰੀ ਚੱਲ। ਜਿੰਨਾ ਚਿਰ ਨੌਕਰੀ ਨਹੀਂ ਮਿਲਦੀ ਮੈਂ ਤੈਨੂੰ ਪੰਝੀ ਰੁਪਏ ਮਹੀਨੇ ਦੇਈ ਜਾਵਾਂਗਾ।" ਦੋ-ਢਾਈ ਸਾਲ ਇੰਜ ਨਿਕਲੇ। ਇੰਨੇ ਵਿੱਚ ਰਾਮਾਨੁਜਨ ਨੂੰ ਪ੍ਰੋ. ਵੀ.ਰਾਮਾਸਵਾਮੀ ਆਇਰ ਮਿਲ ਗਿਆ। ਉਹ ਇੰਡੀਅਨ ਮੈਥੇਮੈਟਿਕਸ ਸੁਸਾਇਟੀ ਦਾ ਸੰਸਥਾਪਕ ਸੀ। ਉਸ ਵਲੋਂ ਮਿਲੇ ਉਤਸ਼ਾਹ ਨਾਲ ਰਾਮਾਨੁਜਨ ਨੇ ਫਰਵਰੀ 1911 ਤੋਂ ਅਕਤੂਬਰ 1911 ਤੱਕ ਸੁਸਾਇਟੀ ਦੇ ਜਰਨਲ ਨੂੰ ਗਣਿਤ ਦੇ ਆਪੇ ਬਣਾਏ 58 ਪ੍ਰਸ਼ਨ ਅਤੇ ਉਨ੍ਹਾਂ ਦੇ ਹੱਲ ਭੇਜੇ। ਇਸੇ ਵਰ੍ਹੇ ਬਰਨੌਲੀ ਸੰਖਿਆਵਾਂ ਬਾਰੇ ਉਸ ਦਾ ਪਹਿਲਾ ਖੋਜ-ਪੱਤਰ ਜਰਨਲ ਵਿੱਚ ਛਪਿਆ। ਉਸ ਦੇ ਖੋਜ-ਕਾਰਜਾਂ ਦੀ ਚਰਚਾ ਹੋਈ ਤਾਂ ਉਸ ਨੂੰ ਮਦਰਾਸ ਪੋਰਟ ਟਰੱਸਟ ਵਿੱਚ ਕਲਰਕ ਵੱਜੋਂ ਨੌਕਰੀ ਮਿਲ ਗਈ। ਇੱਥੇ ਚੀਫ ਇੰਜੀਨੀਅਰ, ਸਰ ਫਰਾਂਸਿਸ ਸਪਰਿੰਗ ਅਤੇ ਚੀਫ ਅਕਾਊਂਟੈਂਟ ਨਾਰਾਇਣ ਆਇਰ ਦੋਵੇਂ ਗਣਿਤ ਪ੍ਰੇਮੀ ਸਨ। ਵਿਹਲੇ ਸਮੇਂ ਰਾਮਾਨੁਜਨ ਗਣਿਤ ਨਾਲ ਉਲਝਿਆ ਰਹਿੰਦਾ।

16 ਜਨਵਰੀ 1913 ਨੂੰ ਰਾਮਾਨੁਜਨ ਨੇ 11 ਪੰਨਿਆਂ ਦੀ ਇੱਕ ਲੰਬੀ ਚਿੱਠੀ ਵਿੱਚ ਡਾਈਵਰਜੈਂਟ ਸੀਰੀਜ਼ ਬਾਰੇ ਆਪਣੀਆਂ ਥਿਊਰਮਾਂ, ਇੰਗਲੈਂਡ ਦੇ ਪ੍ਰਸਿੱਧ ਗਣਿਤ ਵਿਗਿਆਨੀ ਜਿਓਫਰ ਹੈਰਲਡ ਹਾਰਡੀ ਨੂੰ ਭੇਜੀਆਂ। ਪਹਿਲੀ ਨਜ਼ਰੇ ਹੀ ਹਾਰਡੀ ਨੇ ਇਸ ਨੂੰ ਨਜ਼ਰ ਮਾਰ ਕੇ ਪਰ੍ਹਾਂ ਸੁੱਟ ਦਿੱਤਾ, ਪਰ ਕੰਮ ਕਰਦੇ ਸਮੇਂ ਉਸ ਨੂੰ ਵਾਰ-ਵਾਰ ਇਹ ਥਿਊਰਮਾਂ ਪ੍ਰੇਸ਼ਾਨ ਕਰਦੀਆਂ । ਉਹ ਮੁੜ ਇਨ੍ਹਾਂ ਨੂੰ ਧਿਆਨ ਨਾਲ ਪੜ੍ਹਨ ਲੱਗਾ। ਉਸ ਨੇ ਗਣਿਤ ਵਿਗਿਆਨੀ ਜੇ.ਈ. ਲਿਟਲਵੁੱਡ ਨੂੰ ਬੁਲਾਇਆ। ਦੋਵੇਂ ਦੇਰ ਰਾਤ ਤੱਕ ਇਸ ਨੂੰ ਖੁੱਭ ਕੇ ਪੜ੍ਹਦੇ, ਸਮਝਦੇ ਰਹੇ। ਉਹ ਇਸ ਸਿੱਟੇ ਤੇ ਪਹੁੰਚੇ ਕੇ ਇਹ ਥਿਊਰਮਾਂ ਕਿਸੇ ਜੀਨੀਅਸ ਦੀ ਕਲਪਨਾ ਹਨ। ਸਾਰੇ ਕੈਂਬਰਿਜ ਵਿੱਚ ਇਸ ਪੱਤਰ ਦੀ ਖ਼ਬਰ ਫੈਲ ਗਈ।

ਹਾਰਡੀ ਨੇ ਸ਼ਿਮਲੇ ਬੈਠੇ ਗਿਲਬਰਟ ਵਾਕਰ ਨਾਲ ਸੰਪਰਕ ਕੀਤਾ। ਉਹ ਕੈਂਬਰਿਜ ਦਾ ਪੁਰਾਣਾ ਫੈਲੋ ਸੀ ਅਤੇ ਗਣਿਤ ਦਾ ਟਰਿਨਿਟੀ ਕਾਲਜ ਦਾ ਪ੍ਰੋਫੈਸਰ ਸੀ। ਉਸ ਦੀ ਸਿਫ਼ਾਰਸ਼ ਨਾਲ ਤੁਰੰਤ ਰਾਮਾਨੁਜਨ ਨੂੰ ਮਦਰਾਸ ਯੂਨੀਵਰਸਿਟੀ ਦਾ ਰਿਸਰਚ ਸਕਾਲਰਸ਼ਿਪ ਦਿਵਾਇਆ ਗਿਆ। ਉਸ ਨੂੰ ਕੈਂਬਰਿਜ ਬੁਲਾਉਣ ਲਈ ਵੀ ਫੌਰੀ ਕਦਮ ਚੁੱਕੇ ਗਏ। ਅਪ੍ਰੈਲ 1914 ਵਿੱਚ ਰਾਮਾਨੁਜਨ ਕੈਂਬਰਿਜ ਪਹੁੰਚ ਗਿਆ। ਉਸ ਦੇ ਖੋਜ ਕਾਰਜਾਂ ਦੇ ਆਧਾਰ 'ਤੇ ਉਸ ਨੂੰ 1916 ਵਿੱਚ ਬੀ.ਏ. ਦੀ ਡਿਗਰੀ ਦਿੱਤੀ ਗਈ। 1918 ਵਿੱਚ ਉਸ ਨੂੰ ਰਾਇਲ ਸੁਸਾਇਟੀ ਦਾ ਫੈਲੋ ਬਣਨ ਦਾ ਮਾਣ ਦਿੱਤਾ ਗਿਆ। ਉਸ ਨੂੰ ਟਰਿਨਿਟੀ ਕਾਲਜ ਦਾ ਫੈਲੋ ਬਣਾਇਆ ਗਿਆ। ਪੰਜ ਸਾਲ ਇੰਗਲੈਂਡ ਰਹਿ ਕੇ ਯੁੱਧ ਦੇ ਦਿਨਾਂ ਤੇ ਮਾੜੀ ਸਿਹਤ ਦੇ ਬਾਵਜੂਦ ਰਾਮਾਨੁਜਨ ਦੇ ਇੱਕੀ ਖੋਜ ਪੱਤਰ ਛਪੇ।

ਉਹ ਅੰਕਾਂ ਨਾਲ ਖੇਡਣ ਵਾਲਾ ਜਾਦੂਗਰ ਸੀ । ਆਓ ਉਸਦੀ ਅੰਕ ਕਲਾ ਦੇ ਦਰਸ਼ਨ ਕਰੀਏ।

ਉਸ ਦਾ ਜਨਮ 22 ਦਸੰਬਰ 1887 ਨੂੰ ਹੋਇਆ। ਹੁਣ ਵੇਖੋ ਰਾਮਾਨੁਜਨ ਇਨ੍ਹਾਂ ਅੰਕਾਂ ਨਾਲ ਕਿਵੇਂ ਖੇਡਦਾ ਹੈ। ਉਸ ਨੇ 22,12, 18 ਅਤੇ 87 ਨੂੰ ਵਰਗਾਕਾਰ ਸ਼ਕਲ ਦੇ 16 ਖਾਨਿਆਂ ਵਿੱਚ ਇਸ ਢੰਗ ਨਾਲ ਲਿਖਿਆ ਹੈ ਕਿ ਹਰ ਪਾਸੇ ਨੂੰ 22,12,16 ਤੇ 87 ਦਾ ਜੋੜ 139 ਬਣਿਆ।

ਹਸਪਤਾਲ ਵਿੱਚ ਸਖ਼ਤ ਬਿਮਾਰੀ ਨਾਲ ਘੁਲ ਰਹੇ ਰਾਮਾਨੁਜਨ ਨੂੰ ਪ੍ਰਸਿੱਧ ਗਣਿਤ ਵਿਗਿਆਨੀ ਜੀ.ਐੱਚ.ਹਾਰਡੀ ਅਕਸਰ ਮਿਲਣ ਜਾਂਦਾ ਸੀ। ਇੱਕ ਸ਼ਾਮ ਜਦੋਂ ਉਹ ਰਾਮਾਨੁਜਨ ਕੋਲ ਗਿਆ ਤਾਂ ਉਹ ਬਹੁਤ ਉਦਾਸ ਤੇ ਰੋਣਹਾਕਾ ਸੀ। ਰਾਮਾਨੁਜਨ ਨੇ ਪੁੱਛਿਆ ਤਾਂ ਕਹਿਣ ਲੱਗਾ : "ਅੱਜ ਜਿਹੜੀ ਟੈਕਸੀ ਮਿਲੀ ਉਸ ਦਾ ਨੰਬਰ ਬੜਾ ਮਨਹੂਸ ਸੀ। ਮੈਂ ਤਾਂ ਡਰਦਾ-ਡਰਦਾ ਤੇਰੇ ਕੋਲ ਆਇਆ ਹਾਂ। ਸਾਰੇ ਰਾਹ ਡਰਦਾ ਰਿਹਾ ਕਿ ਕੋਈ ਭਾਣਾ ਨਾ ਵਾਪਰ ਜਾਏ।" ਇਹ ਸੁਣ ਕੇ ਰਾਮਾਨੁਜਨ ਨੇ ਟੈਕਸੀ ਦਾ ਨੰਬਰ ਪੁੱਛਿਆ। ਹਾਰਡੀ ਨੇ ਦੱਸਿਆ : "ਨੰਬਰ ਸੀ, ਇੱਕ ਹਜ਼ਾਰ ਸੱਤ ਸੌ ਉਨੱਤੀ(1729)।" ਰਾਮਾਨੁਜਨ ਨੇ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਹੀ ਅੱਖਾਂ ਖੋਲ੍ਹੀਆਂ ਤੇ ਕਿਹਾ, "ਬੜੀ ਕਮਾਲ ਦੀ ਸੰਖਿਆ ਹੈ ਇਹ ਤਾਂ। ਚਾਰ ਅੰਕਾਂ ਦੀ ਇਹ ਉਹ ਛੋਟੀ ਤੋਂ ਛੋਟੀ ਸੰਖਿਆ ਹੈ ਜਿਸ ਨੂੰ ਦੋ ਦੋ ਅੰਕਾਂ ਦੀ ਘਣ ਤਾਕਤ (ਕਿਊਬ) ਦੇ ਜੋੜ ਵਜੋਂ ਦੋ ਵੱਖ-ਵੱਖ ਤਰੀਕਿਆਂ ਨਾਲ ਲਿਖਿਆ ਜਾ ਸਕੇ। ਇਹ ਦਸ ਜ਼ਰਬ ਦਸ ਜ਼ਰਬ ਦਸ ਅਤੇ ਨੌਂ ਜ਼ਰਬ ਨੌਂ ਦਾ ਜੋੜ (10x10x10 + 9x9x9) ਹੈ। ਫਿਰ 12 ਜ਼ਰਬ 12 ਜ਼ਰਬ 12 ਅਤੇ 1 ਜ਼ਰਬ 1 ਜ਼ਰਬ 1 ਦਾ ਜੋੜ (12x12x12+1x1x1) ਵੀ ਹੈ। ਇਹ 1729 ਦੀ ਸੰਖਿਆ ਤੈਨੂੰ ਮਨਹੂਸ ਲੱਗਦੀ ਹੈ।" ਉਦੋਂ ਤੋਂ ਹੀ ਇਹ ਸੰਖਿਆ ਰਾਮਨੁਜਨ ਨੰਬਰ ਵੱਜੋਂ ਪ੍ਰਸਿੱਧ ਹੈ।

ਅੱਜ ਰਾਮਾਨੁਜਨ ਦੇ ਗਣਿਤਕ ਸਮੀਕਰਨਾਂ ਉੱਤੇ ਕੁਝ ਕਾਰਜ ਨੂੰ ਕਣ ਭੌਤਿਕ ਵਿਗਿਆਨ ਵਿੱਚ ਵਰਤਿਆ ਜਾ ਰਿਹਾ ਹੈ। ਉਸ ਦੀ ਰੀਮਾਨਜ਼ ਜ਼ੀਟਾ ਫੰਕਸ਼ਨ ਉੱਤੇ ਖੋਜ ਦੀ ਵਰਤੋਂ ਪਇਰੋਮੀਟਰੀ ਵਿੱਚ ਹੁੰਦੀ ਹੈ। ਫਿਊਲਜ਼ ਤੇ ਫਾਈਬਰਜ਼ ਦੇ ਖੇਤਰ ਵਿੱਚ ਉਸ ਦੇ ਪਾਰਟੀਸ਼ਨ ਨੰਬਰਾਂ ਉੱਤੇ ਕੰਮ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜੇ ਵੀ ਉਸ ਦੇ ਅੰਤਿਮ ਦਿਨਾਂ ਦੇ ਮਾਕ ਥੀਟ ਫੰਕਸ਼ਨ ਦੀ ਵਰਤੋਂ ਬਾਰੇ ਕੰਮ ਹੋ ਰਿਹਾ ਹੈ। ਹਾਰਡੀ ਨੇ ਉਸ ਦੇ ਲਿਖੇ ਖੋਜ ਪੱਤਰ ਆਪ ਸੰਪਾਦਿਤ ਕਰਕੇ 1927 ਵਿੱਚ ਕੈਂਬਰਿਜ ਯੂਨੀਵਰਸਿਟੀ ਤੋਂ ਪ੍ਰਕਾਸ਼ਿਤ ਕਰਵਾਏ। ਉਹ ਟੀ.ਬੀ. ਨਾਲ ਲੜਦਾ ਤੇ ਗਣਿਤ ਨਾਲ ਖੇਡਦਾ 26 ਅਪ੍ਰੈਲ 1920 ਨੂੰ ਭਰ ਜੁਆਨੀ ਵਿੱਚ ਮੌਤ ਦੀ ਗੋਦ ਵਿੱਚ ਜਾ ਸੁੱਤਾ।

'ਜੋਬਨ ਰੁੱਤੇ ਜੋ ਵੀ ਮਰਦਾ ਫੁੱਲ ਬਣੇ ਜਾਂ ਤਾਰਾ'

...ਸਫਾ 7 ਦੀ ਬਾਕੀ.

ਪਾਉਣਾ ਚਾਹੀਦਾ ਹੈ। ਸ. ਬਲਦੇਵ ਸਿੰਘ ਮੁੰਦਰਾ, ਉਨ੍ਹਾਂ ਦੀ ਪਤਨੀ ਤੇ ਪੁੱਤਰ ਸਮੇਤ ਸੈਣੀ ਭਵਨ ਪਹੁੰਚਣ 'ਤੇ ਮੈਨੇਜਿੰਗ ਕਮੇਟੀ ਦੇ ਸਮੂਹ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਸ਼੍ਰੀ ਐੱਲ.ਆਰ.ਮੁੰਦਰਾ, ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ, ਪੀ.ਆਰ.ਓ. ਰਾਜਿੰਦਰ ਸੈਣੀ, ਟਰੱਸਟੀ ਆਰ.ਐੱਸ. ਸੈਣੀ ਨੇ ਸੰਸਥਾ ਦੀਆਂ ਗਤੀਵਿਧੀਆਂ ਤੇ ਚਾਨਣਾ ਪਾਇਆ। ਜ਼ਿਕਰਯੋਗ ਹੈ ਕਿ ਸ. ਬਲਦੇਵ ਸਿੰਘ ਮੁੰਦਰਾ ਪਿੰਡ ਹਵੇਲੀ ਕਲਾਂ (ਰੂਪਨਗਰ) ਦੇ ਜੰਮਪਲ ਹਨ ਅਤੇ ਅੱਜ ਕੱਲ ਸੇਵਾਮੁਕਤ ਹੋਣ ਉਪਰੰਤ ਮੁੰਬਈ ਵਿਖੇ ਰਹਿ ਰਹੇ ਹਨ। ਉਹ ਬਹੁਤ ਸਾਰੀਆਂ ਸਮਾਜਸੇਵੀ ਸੰਸਥਾਵਾਂ ਨਾਲ ਮਿਲ ਕੇ ਲੋਕ ਸੇਵਾ ਦੇ ਕੰਮ ਕਰ ਰਹੇ ਹਨ। ਉਹ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਰੂਪਨਗਰ ਦੇ ਪ੍ਰਮੁੱਖ ਦਾਨੀਆਂ ਵਿੱਚੋਂ ਇੱਕ ਹਨ।ਉਨ੍ਹਾਂ ਨੇ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ 11 ਲੱਖ, 86 ਹਜ਼ਾਰ 1 ਸੌ 11 ਰੁਪਏ ਸੈਣੀ ਭਵਨ ਵਿੱਚ ਜਮ੍ਹਾਂ ਕਰਵਾਏ ਹੋਏ ਹਨ। ਉਹ ਮੈਗਜ਼ੀਨ ਵਿੱਚ ਛੱਪਣ ਲਈ ਆਪਣੇ ਤਜਰਬੇ ਵੀ ਭੇਜਦੇ ਹਨ।

# ਸਾਲ 2016 ਦੇ ਨੋਬਲ ਪੁਰਸਕਾਰ ਜੇਤੂ ਪ੍ਰਤਿਭਾਸ਼ਾਲੀ ਵਿਗਿਆਨੀ

ਰਾਜਵਿੰਦਰ ਸਿੰਘ
ਇੰਦਰਾਪੁਰਮ



ਮਹਾਨ ਖੋਜੀ ਤੇ ਉਦਯੋਗਪਤੀ ਅਲਫਰੈੱਡ ਨੋਬਲ ਦੀ ਧਨ ਸੰਪਤੀ ਨਾਲ ਸਾਲ 1901 ਤੋਂ ਅਰੰਭ ਹੋਏ ਨੋਬਲ ਪੁਰਸਕਾਰ ਦੁਨੀਆਂ ਦੇ ਵਕਾਰੀ ਸਨਮਾਨ ਹਨ। ਇਹ ਹਰ ਸਾਲ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸਰੀਰ ਵਿਗਿਆਨ (ਮੈਡੀਸਨ), ਸਾਹਿਤ, ਅਰਥ ਸ਼ਾਸਤਰ ਅਤੇ ਵਿਸ਼ਵ ਵਿਗਿਆਨ ਖੇਤਰਾਂ ਵਿੱਚ ਮਾਨਵ ਕਲਿਆਣਕਾਰੀ ਨਵੀਆਂ ਖੋਜਾਂ ਕਰਨ ਵਾਲਿਆਂ ਨੂੰ ਪ੍ਰਦਾਨ ਕੀਤੇ ਜਾਂਦੇ ਹਨ। ਸਾਲ 2016 ਵਿੱਚ ਹੇਠ ਲਿਖੇ ਬੁੱਧੀਜੀਵੀਆਂ ਨੇ ਨੋਬਲ ਪੁਰਸਕਾਰ ਹਾਸਲ ਕੀਤੇ ਹਨ :

## ਭੌਤਿਕ ਵਿਗਿਆਨ :

ਇਹ ਨੋਬਲ ਪੁਰਸਕਾਰ ਤਿੰਨ ਵਿਗਿਆਨੀਆਂ ਨੂੰ ਸਾਂਝੇ ਰੂਪ ਵਿੱਚ ਜਨਮੇ, ਪਰ ਅਮਰੀਕੀ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰ ਬਣੇ। ਪਹਿਲਾ ਹੈ ਡੇਵਿਡ ਜੇ.ਥਾਊਲੈਸ (82 ਸਾਲ) ਜਿਸ ਨੂੰ ਇਨਾਮ ਦੀ ਅੱਧੀ ਰਕਮ ਮਿਲੇਗੀ। ਉਹ ਵਾਸ਼ਿੰਗਟਨ ਯੂਨੀਵਰਸਿਟੀ ਵਿੱਚ ਹੈ। ਦੂਜੇ ਦੋ ਹਨ: ਐਫ. ਡੰਕਨ ਐੱਮ. ਹਾਲਡੇਨ (65 ਸਾਲ) ਪਰਿੰਸਟਨ ਯੂਨੀਵਰਸਿਟੀ) ਅਤੇ ਜੇ. ਕੋਸਟਰਲਿਟਜ਼ (74 ਸਾਲ) (ਬਰਾਊਨ ਯੂਨੀਵਰਸਿਟੀ) ਇਨ੍ਹਾਂ ਨੂੰ ਬਾਕੀ ਰਕਮ ਅੱਧੀ-ਅੱਧੀ ਵੰਡੀ ਜਾਵੇਗੀ।



ਇਨ੍ਹਾਂ ਨੇ ਟੋਪੋਲੋਜੀਕਲ ਫੇਜ਼ ਬਦਲੀ ਅਤੇ ਇਸ ਦੇ ਸਿਧਾਂਤਕ ਵਿਹਾਰਕ ਪੱਖਾਂ ਉੱਤੇ ਕੰਮ ਕੀਤਾ ਹੈ। ਇਨ੍ਹਾਂ ਵਿਗਿਆਨੀਆਂ ਨੇ ਪਦਾਰਥ ਦੇ ਫੇਜ਼ ਬਦਲੀ ਅਤੇ ਉਸ ਦੇ ਅਤਿ ਨੀਵੇਂ ਤਾਪਮਾਨ ਨਾਲ ਸਬੰਧਾਂ ਪੱਖੋਂ ਵਿਸ਼ਲੇਸ਼ਿਤ ਕਰ ਕੇ ਨਵੇਂ ਸਿੱਟੇ ਕੱਢੇ ਹਨ।

ਅਤਿ ਨੀਵੇਂ ਤਾਪਮਾਨ ਉੱਤੇ ਪਦਾਰਥ ਵਿੱਚ ਸੁਪਰ ਤਰਲਤਾ ਤੇ ਸੁਪਰ ਚਾਲਕਤਾ ਦੇ ਅਜੀਬ ਗੁਣ ਆ ਜਾਂਦੇ ਹਨ। ਸੁਪਰ ਕੰਡਕਟਰ ਬਿਜਲੀ ਪ੍ਰਵਾਹ ਦੇ ਰਾਹ ਵਿੱਚ ਰਤਾ ਵੀ ਰੁਕਾਵਟ ਨਹੀਂ ਪਾਉਂਦੇ। ਅਤਿ ਨੀਵੇਂ ਤਾਪਮਾਨ ਉੱਤੇ ਪਦਾਰਥ ਦੇ ਚੁੰਬਕੀ ਗੁਣ ਵੀ ਬਦਲਦੇ ਹਨ। ਟੋਪੋਲੋਜੀਕਲ ਇਨਸੂਲੇਰ ਸਿਰਫ ਸਤ੍ਹਾ ਉੱਤੋਂ ਹੀ ਬਿਜ਼ਲੀ ਦਾ ਸੰਚਾਲਨ ਕਰੀ ਜਾਂਦਾ ਹੈ।

ਇਸ ਕਿਸਮ ਦੀਆਂ ਸੂਖਮ ਖੋਜਾਂ ਨਾਲ ਕੁਆਂਟਮ ਕੰਪਿਊਟਰ ਬਣਾਉਣ ਵਿੱਚ ਮੱਦਦ ਮਿਲੇਗੀ।

## ਰਸਾਇਣ ਵਿਗਿਆਨ :

ਇਸ ਖੇਤਰ ਦਾ ਪੁਰਸਕਾਰ ਵੀ ਭੌਤਿਕ ਵਿਗਿਆਨ ਵਾਂਗ ਤਿੰਨ ਵਿਗਿਆਨੀਆਂ ਨੂੰ ਸਾਂਝੇ ਰੂਪ ਵਿੱਚ ਦਿੱਤਾ ਗਿਆ। ਯਾਂ ਪੀਅਰੀ ਸਾਵੇਜ, ਜੇ. ਫਰੇਜ਼ਰ ਸਟੋਡਰਟ ਅਤੇ ਬਰਨਾਰਡ ਐਲ. ਫੈਰਿੰਗਾ ਵਿੱਚ ਇਹ ਇਨਾਮ ਬਰਾਬਰ ਬਰਾਬਰ ਵੰਡਿਆ ਜਾਵੇਗਾ। ਇਹ ਤਿੰਨੇ ਵਿਗਿਆਨੀ ਕ੍ਰਮਵਾਰ ਸਟਰਾਸਬਰਗ, ਇਲੀਨੋਇ ਅਤੇ ਗੋਰਿੰਗਨ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰ ਹਨ। ਇਹ ਇਨਾਮ ਇਨ੍ਹਾਂ ਨੂੰ ਮੌਲੀਕੁਲਰ ਮਸ਼ੀਨਾਂ ਦੇ ਡਿਜ਼ਾਇਨ ਤੇ ਨਿਰਮਾਣ ਲਈ ਦਿੱਤਾ ਗਿਆ ਹੈ। ਮੌਲੀਕਿਊਲ ਜਾਂ ਅਣੂ ਦੇ ਆਕਾਰ ਦੀਆਂ ਇਨ੍ਹਾਂ ਸੂਖ਼ਮ ਮਸ਼ੀਨਾਂ ਦੇ ਪੁਰਜ਼ੇ ਵਾਲ ਦੇ ਹਜ਼ਾਰਵੇਂ ਹਿੱਸੇ ਵਰਗੇ ਬਰੀਕ ਹੁੰਦੇ ਹਨ ਜੋ ਨੰਗੀ ਅੱਖ ਨਾਲ ਨਹੀਂ ਵੇਖੇ ਜਾ ਸਕਦੇ। ਵਿਗਿਆਨੀਆਂ ਨੇ ਅਣੂ ਜੋੜ ਕੇ ਇਹ ਮਸ਼ੀਨਾਂ ਬਣਾਈਆਂ ਹਨ। ਮੌਲੀਕਿਊਲ ਉਂਜ ਤਾਂ ਕੇਵਲ ਰਸਾਇਣਕ ਬਾਂਡਾਂ ਨਾਲ ਜੁੜਦੇ ਹਨ ਪਰ ਮੌਲੀਕੂਲੀਅਰ ਮਸ਼ੀਨਾਂ ਇਨ੍ਹਾਂ ਨੂੰ ਮਨਮਰਜ਼ੀ ਨਾਲ ਜੋੜਨ ਤੇ ਇੱਧਰ-ਉੱਧਰ ਸਰਕਾਉਣ ਵਾਸਤੇ ਯਾਂਤ੍ਰਿਕ ਊਰਜਾ ਦੀ ਵਰਤੋਂ ਕਰਦੀਆਂ ਹਨ।

ਇਹ ਮਸ਼ੀਨਾਂ ਉਵੇਂ ਹੀ ਕੰਮ ਕਰਦੀਆਂ ਹਨ ਜਿਵੇਂ




ਸਰੀਰ ਅੰਦਰਲੇ ਕੁਦਰਤੀ ਰਸਾਇਣ। ਸਾਡੇ ਅੰਦਰ ਮੋਟਰ ਪਰੋਟੀਨ ਕਿਨੇਸਿਨ ਇਸਦੀ ਮਿਸਾਲ ਹੈ। ਆਕਾਰ ਦੀ ਸੂਖ਼ਮਤਾ ਤੇ ਮੌਲੀਕੁਲਰ ਪੱਧਰ ਉੱਤੇ ਗਤੀ ਉੱਤੇ ਕੰਟਰੋਲ ਕਾਰਨ ਇਨ੍ਹਾਂ ਖੋਜਾਂ ਦਾ ਮਨੁੱਖੀ ਸਰੀਰ ਅੰਦਰਲੀਆਂ ਬਿਮਾਰੀਆਂ ਦੇ ਇਲਾਜ ਪੱਖੋਂ ਬੜਾ ਮਹੱਤਵ ਹੈ।

ਇਹ ਖੋਜਾਂ ਦਵਾਈ ਨੂੰ ਸੂਖ਼ਮ ਮਾਤਰਾ ਵਿੱਚ ਐਨ ਨਿਸ਼ਾਨੇ ਉੱਤੇ ਵੱਜਣ ਤੇ ਕੰਮ ਕਰਨ ਦੀ ਸਮਰੱਥਾ ਦੇਣਗੀਆਂ। ਮਨੁੱਖੀ ਸਰੀਰ ਵਿੱਚ ਨੈਨੋ ਰੋਬੋਟ ਭੇਜ ਕੇ ਬਲੌਕੇਜ ਤੋੜੀ ਜਾ ਸਕੇਗੀ। ਟਿਊਮਰ ਨਸ਼ਟ ਹੋ ਸਕਣਗੇ। ਰੇਡੀਏਸ਼ਨ ਪ੍ਰਕਿਰਿਆ ਵਿੱਚ ਸੁਧਾਰ ਹੋਵੇਗਾ। ਕੈਂਸਰ ਉੱਤੇ

ਕੰਟਰੋਲ ਹੋ ਸਕੇਗਾ। ਮਾਈਕਰੋ ਸਰਜਰੀ ਹੋ ਸਕੇਗੀ। ਸਾਰਾ ਕੁਝ ਮਾਲੀਕਿਊਲਾਂ ਦੀ ਬਰਾਊਨੀਅਨ ਭਾਵ ਉਘੜੀ ਦੁਘੜੀ ਗਤੀ ਦੀ ਊਰਜਾ ਨੂੰ ਵਰਤ ਕੇ ਕੀਤਾ ਜਾਵੇਗਾ।

**ਸਰੀਰ ਵਿਗਿਆਨ / ਮੈਡੀਸਨ :**

ਇਸ ਸਾਲ ਮੈਡੀਸਿਨ ਦਾ ਨੋਬਲ ਪੁਰਸਕਾਰ ਜਾਪਾਨ ਦੇ ਟੋਕੀਓ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਪ੍ਰੋਫੈਸਰ ਯੋਸ਼ੀਨੋਰੀ ਓਹਸੂਮੀ ਨੂੰ ਦਿੱਤਾ ਗਿਆ ਹੈ। ਇਹ ਇਨਾਮ ਉਸ ਨੂੰ ਆਟੋਫੈਮੀ ਦੇ ਮੈਕੇਨਿਜ਼ਮ ਖੋਜਣ ਲਈ ਦਿੱਤਾ ਗਿਆ ਹੈ। ਆਟੋਫੈਮੀ ਉਹ ਪ੍ਰਕਿਰਿਆ ਹੈ ਜਿਸ ਵਿੱਚ ਸੈੱਲ ਆਪਣੇ ਕਿਸੇ ਹਿੱਸੇ ਨੂੰ ਆਪੇ ਖਾ ਕੇ ਨਸ਼ਟ ਕਰਦਾ ਹੈ ਤਾਂ ਕਿ ਉਸ ਨੂੰ ਰੀਸਾਈਕਲ ਕੀਤਾ ਜਾ ਸਕੇ।



ਓਹਸੂਮੀ ਨੇ 1990 ਦੇ ਦਹਾਕੇ ਵਿੱਚ ਬੇਕਰੀ ਦੇ ਯੀਸਟ ਨਾਲ ਤਜਰਬੇ ਸ਼ੁਰੂ ਕੀਤੇ। ਇਹ ਪ੍ਰਕਿਰਿਆ ਮਹੱਤਵਪੂਰਨ ਇਸ ਲਈ ਹੈ ਕਿ ਇਸ ਨਾਲ ਇੱਕ ਸੈੱਲ ਤੋਂ ਦੂਜੇ ਤੱਕ ਹਮਲਾ ਕਰਨ ਵਾਲੇ ਬੈਕਟੀਰੀਆ, ਵਾਇਰਸ ਤੇ ਹੋਰ ਰੋਗਾਣੂ ਨਸ਼ਟ ਕੀਤੇ ਜਾ ਸਕਦੇ ਹਨ। ਸਪੱਸ਼ਟ ਹੈ ਕਿ ਇਸ ਨਾਲ ਬਿਮਾਰੀਆਂ ਉੱਤੇ ਕਾਬੂ ਪਾਉਣ ਸੰਭਵ ਹੈ।

ਓਹਸੂਮੀ ਨੇ ਉਹ ਜੀਨ ਲੱਭੇ ਜੋ ਆਟੋਫੈਮੀ ਦੀ ਮੈਕੇਨਿਜ਼ਮ ਲਈ ਜ਼ਿੰਮੇਵਾਰ ਹਨ। ਉਸ ਨੇ ਦੱਸਿਆ ਕਿ ਯੀਸਟ ਵਰਗੀ ਹੀ ਆਟੋਫੈਮੀ ਦੀ ਮੈਕੇਨਿਜ਼ਮ ਸਾਡੇ ਸਰੀਰ ਵਿੱਚ ਹੁੰਦੀ ਹੈ। ਓਹਸੂਮੀ ਨੇ ਉਹ ਪੰਦਰਾਂ ਜੀਨ ਲੱਭੇ ਹਨ ਜੋ ਆਟੋਫੈਮੀ ਸ਼ੁਰੂ ਕਰਨ ਅਤੇ ਚਲਦੀ ਰੱਖਣ ਲਈ ਜ਼ਿੰਮੇਵਾਰ ਹਨ। ਉਸ ਨੇ ਇਨ੍ਹਾਂ ਵਿੱਚ ਕਈ ਜੀਨ ਕਲੋਨ ਵੀ ਕੀਤੇ ਹਨ ਭਾਵ ਉਨ੍ਹਾਂ ਦੀ ਬਣਾਵਟੀ ਨਕਲ ਆਪੇ ਤਿਆਰ ਕੀਤੀ ਹੈ। ਓਹਸੂਮੀ ਨੇ ਜਦੋਂ ਆਪਣੀ ਪਤਨੀ ਮਾਰੀਓ ਨੂੰ ਦੱਸਿਆ ਕਿ ਮੈਨੂੰ ਨੋਬੇਲ ਪੁਰਸਕਾਰ ਮਿਲ ਰਿਹਾ ਹੈ ਤਾਂ ਉਸਨੇ ਇਸ ਨੂੰ ਝੂਠਾ ਤੇ ਮਖੌਲ ਹੀ ਸਮੱਝਿਆ । ਭਲਾ ਮੇਰੇ ਪਤੀ ਜਿਹੇ ਸੁਸਤ, ਲਾਪ੍ਰਵਾਹ ਅਤੇ ਰੁਲੀ ਜਿਹੀ ਸ਼ਖ਼ਸੀਅਤ ਨੂੰ ਵੀ ਕਦੇ ਇਨ੍ਹਾਂ ਵੱਡਾ ਮਾਣ ਮਿਲ ਸਕਦਾ ਹੈ। ਜਦੋਂ ਪਤਾ ਲੱਗਾ ਕਿ ਇਹ ਗੱਪ ਨਹੀਂ, ਸੱਚ ਹੈ ਤਾਂ ਉਹ ਖੁਸ਼ ਵੀ ਹੋਈ ਅਤੇ ਹੈਰਾਨ ਵੀ।

**ਵਿਸ਼ਵ ਅਮਨ :**

ਕੋਲੰਬੀਆ ਦੇ ਰਾਸ਼ਟਰਪਤੀ ਯੁਆਂ ਮੈਨੁਅਲ ਸਾਂਤੋਸ ਮੁਲਕ 'ਚ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੱਕ ਜੰਗ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਲਈ ਨੋਬੇਲ ਅਮਨ ਪੁਰਸਕਾਰ ਲਈ ਚੁਣਿਆ ਗਿਆ ਹੈ। ਕਰੀਬ ਚਾਰ ਸਾਲਾਂ ਦੀ ਵਾਰਤਾ ਤੋਂ ਬਾਅਦ ਕੋਲੰਬੀਆ ਦੇ ਰਾਸ਼ਟਰਪਤੀ ਅਤੇ ਫਾਰਕ ਬਾਗ਼ੀ ਰੋਡਰਿਗੋ ਲੰਡੋਨੋ ਉਰਫ਼ ਟਿਮੋਲਿਓਨ ਟਿਮੋਚੇਨਕੋ ਸਿਮੇਨੇਜ਼ ਵਿਚਕਾਰ ਇਤਿਹਾਸਕ ਸਮਝੌਤਾ ਹੋਇਆ ਸੀ। ਪਰ ਵੋਟਰਾਂ ਨੇ ਸਮਝੋਤੇ ਨੂੰ ਸਵੀਕਾਰ ਨਹੀਂ ਕੀਤਾ ਅਤੇ ਕੋਲੰਬੀਆ ਦਾ ਭਵਿੱਖ ਫਿਰ ਅੱਧ ਵਿਚਾਲੇ ਲਟਕ ਗਿਆ ਹੈ। ਸਾਂਤੋਸ ਨੇ ਨੋਬੇਲ ਸ਼ਾਂਤੀ ਪੁਰਸਕਾਰ ਮਿਲਣ ਤੇ ਕਿਹਾ ਕਿ ਮੁਲਕ 'ਚ ਸ਼ਾਂਤੀ ਦੀਆਂ ਕੋਸ਼ਿਸ਼ਾਂ ਨੂੰ ਹੋਰ ਹੁਲਾਰਾ ਮਿਲੇਗਾ ਅਤੇ ਕੋਲੰਬੀਆ 'ਚ ਸ਼ਾਂਤੀ ਹੋ ਕੇ ਰਹੇਗੀ। ਸੰਯੁਕਤ ਰਾਸ਼ਟਰ ਨੇ ਵੀ ਕਿਹਾ ਹੈ ਕਿ ਕੋਲੰਬੀਆ 'ਚ ਸ਼ਾਂਤੀ ਬਹਾਲੀ ਦੀਆਂ ਕੋਸ਼ਿਸ਼ਾਂ 'ਚ ਇਹ ਪੁਰਸਕਾਰ ਸਹਾਈ ਹੋਵੇਗਾ।



**ਅਰਥ ਸ਼ਾਸਤਰ :**

ਬ੍ਰਿਟਿਸ਼-ਅਮਰੀਕੀ ਅਰਥ ਸ਼ਾਸਤਰੀ ਓਲੀਵਰ ਹਾਰਟ ਅਤੇ ਫਿਨਲੈਂਡ ਦੇ ਬੇਂਗਟ ਹੋਮਸਟਰੋਮ ਨੂੰ ਅਰਥ ਸ਼ਾਸਤਰ



ਦਾ ਨੋਬੇਲ ਇਨਾਮ ਦਿੱਤਾ ਗਿਆ ਹੈ। ਇਨ੍ਹਾਂ ਦੋਵਾਂ ਨੂੰ ਕੰਟਰੈਕਟ ਥਿਊਰੀ' ਲਈ ਨੋਬੇਲ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ।

**ਸਾਹਿਤ ਪੁਰਸਕਾਰ –**

ਅਮਰੀਕੀ ਗਾਇਕ ਅਤੇ ਗੀਤਕਾਰ ਬਬ ਡਾਇਲਾਨ ਨੂੰ ਇਸ ਸਾਲ ਦਾ ਨੋਬੇਲ ਸਾਹਿਤ ਪੁਰਸਕਾਰ ਦਿੱਤਾ ਗਿਆ ਹੈ। ਇਹ ਵਕਾਰੀ ਪੁਰਸਕਾਰ ਜਿੱਤਣ ਵਾਲੇ ਉਹ ਪਹਿਲੇ ਗੀਤਕਾਰ ਹਨ। ਸਵੀਡਿਸ਼ ਅਕੈਡਮੀ ਨੇ ਕਿਹਾ ਕਿ 75 ਵਰ੍ਹਿਆਂ ਦੇ ਡਾਇਲਾਨ ਨੂੰ ਅਮਰੀਕੀ ਗੀਤਾਂ ਦੀ ਲੰਬੀ ਰਵਾਇਤ 'ਚ ਕਈ ਸ਼ੈਲੀਆਂ ਵਿਕਸਿਤ ਕਰਨ ਲਈ ਨੋਬੇਲ ਪੁਰਸਕਾਰ ਦਿੱਤਾ ਗਿਆ ।



❊ ❊ ❊ ❊ ❊

ਐਡਵੋਕੇਟ ਅਮਰ ਰਾਜ ਸੈਣੀ ਨੂੰ
ਜ਼ਿਲ੍ਹਾ ਬਾਰ ਐਸੋਸੀਏਸ਼ਨ ਰੂਪਨਗਰ
ਦਾ ਪ੍ਰਧਾਨ ਬਣਨ ਤੇ ਲੱਖ-ਲੱਖ ਵਧਾਈ





## List of students who got scholarships for the year 2016-17

Amarjit Singh
Ropar

| S.No | Name | Class | Institution | Amt. (Rs.) |
|---|---|---|---|---|
| 1 | Mr. Rahul Saini | M.Tech Ist Year | IIT Roorkee | 12000/- |
| 2 | Dildeep Saini | M.B.B.S. Final | Gian Sagar Medical College Banur | 12000/- |
| 3 | Harsimar Kaur | B.Com 2nd | Govt. College Rupnagar | 4800/- |
| 4 | Navdeep Kaur | B.Sc. Bio Tech. 3rd Sem. | Bela College | 6000/- |
| 5 | Yadwinder Singh | B.Tech. V Semester | Rayat & Bahara Engg. College | 6000/- |
| 6 | Deepak Singh Rawat | B. Tech. 5th Sem. | Rayat & Bahara Engg. College | 6000/- |
| 7 | Tejinder Singh | B. Tech. | G.N.D.U. Amritsar | 6000/- |
| 8 | Harpreet Kaur | B.Sc. 5th Sem. | Bela College | 6000/- |
| 9 | Sukhpal Singh | B.Tech. Final | NIT Jalandhar | 6000/- |
| 10 | Rahul Saini | B.Tech. 4th | Adesh Institute of Tech. | 6000/- |
| 11 | Harmanjeet Singh | +1 Commerce | D.A. V. Rupnagar | 2400/- |
| 12 | Harjeet Kaur | B.Sc. 3rd | Govt. College Rupnagar | 2400/- |
| 13 | Tejinder Kaur | B.A. 1st | Govt. College Rupnagar | 2400/- |
| 14 | Navpreet Kaur | B.Com. 2nd | Govt. College Rupnagar | 2400/- |
| 15 | Simranjeet Kaur | B.Sc. 1st | Bela College | 2400/- |
| 16 | Amandeep Kaur | +1 Medical | D.A.V. Rupnagar | 2400/- |
| 17 | Simranjeet Kaur | +2 N.M. | MSK. Modern School Bela | 2400/- |
| 18 | Sarabjit Kaur | +1 N.M. | D.A.V. Rupnagar | 2400/- |
| 19 | Amandeep Kaur | +2 Medical | MSK. Modern School, Bela | 2400/- |
| 20 | Manpreet Kaur | +2 Commerce | Khalsa School Rupnagar | 2400/- |
| 21 | Jaspreet Kaur | +1 N.M. | G.I.P. School Solkhian | 2400/- |
| 22 | Preet Saini | +2 Commerce | D.A.V. Rupnagar | 2400/- |
| 23 | Sarabjeet Kaur | M.Sc. Chem. IInd Year | Mata Gujri College F.G.S. | 9600/- |
| 24 | Satbir | B.Com. IInd Year | Govt. College Rupnagar | 4800/- |
| 25 | Dr. Parminder Singh | M.D Final | D.M.C. College Ludhian | 1,60,000/- |
| 26 | Vinod Kumar | B.Tech. 6th Sem. | R& B Sahouran | 12000/- |
| 27 | Avneet Kaur | BCA Ist Year | Bela College | 3600/- |
| 28 | Ramandeep Kaur | B.Sc. N.M. Vth Sem. | Bela College | 3600/- |
| 29 | Shivani | B.Tech. 1st Year | IET Bhaddal | 6000/- |
| 30 | Satwinder Singh | B.Tech. | C.T. Institute Jalandhar | 12000-/- |
| 31 | Harjeet Kaur | B.Tech. Ist Year | IET Bhaddal | 6000/- |
| 32 | Sonika | B.Sc. IInd Year | Govt. College Rupnagar | 3600/- |
| 33 | Jashanpreet Kaur | B.Sc. Ist Year | Govt. College Rupnagar | 3600/- |
| 34 | Manjot Kaur | B.Sc. Nurs. 1st Year | R&B Nursing Sahauran | 7200/- |

| S.No. | Name | Class | Institution | Amt. |
|---|---|---|---|---|
| 35 | Jasleen Kaur | BDS-III Year | R & B Dental College Sahauran | 3600/- |
| 36 | Paramveer Singh | B.Tech. | BBSB Engg. College F.G.S. | 7200/- |
| 37 | Rupinder Singh | B.Sc. IIIrd Year Bio | Bela College | 3600/- |
| 38 | Himani Saini | M.Sc. Chem. II Year | Pbi. Uni. Patiala | 7200/- |
| 39 | Ritika Saini | B.Tech. | R & B Engg. College Railmajra | 6000/- |
| 40 | Parul | +1 Arts | D.A.V Rupnagar | 3600/- |
| 41 | Lovleen Singh | +2 N.m. | Netaji Model School Rupnagar | 3600/- |
| 42 | Gurjeet Kaur | B.Com. IIIrd Sem. | Govt. College Mohali | 4800/- |
| 43 | Harmanpreet Kaur | B.Sc. Bio Tech. IIIrd Year | Bela College | 6000/- |
| 44 | Abhireet Kaur | B.Sc. | Mata Sundri College Delhi | 7200/- |
| 45 | Manjot Kaur | B.Sc. 5th Sem. | Shri Guru Granth Sahib Uni. F.G.S. | 6000/- |
| 46 | Harpreet Kamboj | B.Sc. Ist | Govt. College Rupnagar | 4800/- |
| 47 | Arshpreet Kaur | B.Com 3rd Sem. | Bela College | 3600/- |
| 48 | Sonepreet Kaur | B.Sc. 2nd | D.A.V. College Chd. | 3600/- |
| 49 | Lakhwinder Kaur | B.Tech. | Adesh Inst. of Tech. Chd. Univ. | 12000/- |
| 50 | Jatinder Singh | B.Tech. | Adesh Inst. of Tech. Chd. Univ. | 12000/- |
| 51 | Ramandeep Kaur | B.Com 1st Year | Govt. College Mohali | 6000/- |
| 52 | Satnam Kaur | B.Com IInd Year | Govt. College Rupnagar | 6000/- |
| 53 | Sukhmeen Kaur | B.Sc. Ist Year | Govt. College Rupnagar | 6000/- |
| 54 | Priya Chaudhary | B.Sc. 2nd | ITFT College Chd. | 6000/- |
| 55 | Gursimranjeet Kaur | B.Sc. Ist | Post Graduate Govt. College. Chd. | 6000/- |
| 56 | Ramandeep Kaur | M.Sc. Phy. IInd | Pbi. Univ. Patiala | 4800/- |
| 57 | Davinder Kaur | M.Com. Ist Year | Bela College | 4800/- |
| 58 | Ishwinder Singh | B.Pharmacy Ist Year | College of Pharmacy Bela | 6000/- |
| 59 | Gurpreet Kaur | M.Sc. Chem. I Year | Pbi. Uni. Patiala | 7200/- |
| 60 | Jaspreet Kaur | M.Com. IInd Year | Bela College | 7200/- |
| 61 | Sumanpreet Kaur | B.Sc. Bio Tech. IIIrd Year | Bela College | 6000/- |
| 62 | Gagandeep Singh | B.Com. Ist | Govt. College Rupnagar | 4800/- |
| 63 | Navdeep Kaur | B.Com. Ist | Govt. College Rupnagar | 4800/- |
| 64 | Parvinderveer Kaur | B. Pharmacy 4th Sem. | Doaba Group of College | 6000/- |
| 65 | Inderpreet Singh | B.Com IIIrd Year | Govt. College Rupnagar | 3600/- |
| 66 | Harpreet Kaur | M.Com. Ist Year | Cordia Group of Edu. Inst. Sanghol | 6000/- |
| 67 | Priya Saini | B.Sc. Bio Tech. III | Bela College | 6000/- |
| 68 | Deep Singh | B.Com. Ist Year | Bela College | 3600/- |
| 69 | Raminderpal Singh | B.Com. IInd Year | Govt. College Rupnagar | 2400/- |
| 70 | Gurpreet Kaur | B.Sc. IInd Year | Bela College | 3600/- |
| 71 | Davinder Singh | B.Sc. ist Year | Post Graduate Govt. College Chd. | 6000/- |

| S.No. | Name | Class | Institution | Amt. |
|---|---|---|---|---|
| 72 | Ramanpreet Kaur | +1 N.M. | Netaji Model School Rupnagar | 1000/- |
| 73 | Taranjit Singh | 9th | Genius School Solkhian | 2400/- |
| 74 | Gagandeep Kaur | 10th | Genius School Solkhian | 2400/- |
| 75 | Lovepreet Kaur | 7th | S.B.S.M.P. Singhpura | 2400/- |
| 76 | Deeka Rani | +2 | Khalsa School Rupnagar | 2400/- |
| 77 | Ramandeep Kaur | M.Com. IInd Year | Cordia Group of Edu. Inst. Sanghul | 6000/- |
| 78 | Maninder Kaur | B.Sc. Ist Agriculture | Bibi Sharan Kaur Khalsa College C.K.S | 6000/- |
| 79 | Nisha Rani | B.Sc. Ist N.M. | Govt. College Rupnagar | 4800/- |
| 80 | Navneet Kaur | B.Sc. Ist Year | Govt. College Rupnagar | 3600/- |
| 81 | Anchal | B.Com. IInd Year | Bela College | 3600/- |
| 82 | Simranjeet Kaur | B.Com. Ist Year | Bela College | 2400/- |
| 83 | Simranjeet Kaur | +1 N.M. (96% marks) | Swami Shiv Nand Sarvhitkari, Morinda | 3600/- |
| 84 | Gaganpreet Kaur | +1 N.M. | D.A.V. Rupnagar | 2400/- |
| 85 | Sarabjit Kaur | B.Com. IIIrd Year | Doaba Group fo College Kharar | 2400/- |
| 86 | Sukhvir Singh | M.Sc. Chem. IInd Year | Khalsa College Mahilpur | 9600/- |
| 87 | Gurvir Singh | B.Com. Ist Year | Khalsa College A.P.S. | 4800/- |
| 88 | Diljeet Kaur | M.Com. IInd Year | Cordial College of Edu. Inst. Sanghol | 6000/- |
| 89 | Harjot Kaur | +1 N.M. | G.G.S.S. School Rupnagar | 2400/- |
| 90 | Harkirat Kaur | B.Sc. IInd Year | G.C.G. Chd. | 6000/- |
| 91 | Jaswinder Singh | B.Sc. Mts | Bela College | 4800/- |
| 92 | Prabhjot Kaur Saini | B.Sc. Nursing IInd Year | College of Nursing Sohana | 6000/- |
| 93 | Manpreet Kaur | +1 Med. | D.A.V. Rupnagar | 2400/- |
| 94 | Diksha | +2 N.M. | MSK Modern School Bela | 2400/- |
| 95 | JashanleenKaur | +1 N.M. | D.A.V. Rupnagar | 2400/- |
| 96 | Krishma Sharma | B.Sc. Ist Year | Govt. College Rupnagar | 4800/- |

## Saini Candidate for Punjab Assembly Election 2017



**Dr. Balbir Singh**
Party : Aam Admi Party
Assembly : Patiala



**S. Kamaljit Singh 'Kaki'**
Party : Aam Admi Party
Assembly : Kadian



**S. Charanjit Singh Channi**
Party : Aam Admi Party
Assembly : Nawanshahr



**Sh. Angad Saini**
Party : Congress
Assembly : Nawanshahr

ਰਾਜਿੰਦਰ ਸਿੰਘ
ਆਡੀਟਰ

# ਸਾਨੂੰ ਜਿਨ੍ਹਾਂ 'ਤੇ ਮਾਣ ਹੈ



## ਪ੍ਰੋ. ਜਸਮੇਰ ਸਿੰਘ ਸੈਣੀ :

ਹਰਿਆਣਾ ਪ੍ਰਾਂਤ ਦੇ ਜੰਮਪਲ ਅਤੇ ਚੰਡੀਗੜ੍ਹ ਦੇ ਵਸਨੀਕ ਡਾ. ਜਸਮੇਰ ਸਿੰਘ ਨੇ ਅੰਗਹੀਣ ਵਿਅਕਤੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਕੀਤੇ ਉਪਰਾਲਿਆਂ ਸਦਕਾ ਮਾਣਮੱਤਾ ਰਾਸ਼ਟਰਪੱਧਰੀ ਹੈਲਨ ਕੈਲਰ ਐਵਾਰਡ ਹਾਸਿਲ ਕੀਤਾ ਹੈ। ਡਾ. ਸੈਣੀ ਨੈਸ਼ਨਲ ਇੰਸਟੀਚਿਊਟ ਆਫ ਟੈਕਨੀਕਲ ਟੀਚਰਜ਼ ਟਰੇਨਿੰਗ ਐਂਡ ਰਿਸਰਚ ਚੰਡੀਗੜ੍ਹ ਵਿੱਚ ਪ੍ਰੋਫੈਸਰ ਦੇ ਅਹੁਦੇ ਤੇ ਤਾਇਨਾਤ ਹਨ। ਉਨ੍ਹਾਂ ਨੂੰ ਇਹ ਸਨਮਾਨ ਨੈਸ਼ਨਲ ਸੈਂਟਰ ਫਾਰ ਪ੍ਰੋਮੋਸ਼ਨ ਆਫ ਐਂਮਪਲਾਇਮੈਂਟ ਫਾਰ ਡਿਸਏਬਲ ਸੰਸਥਾ ਨੇ 2 ਦਸੰਬਰ 2016 ਨੂੰ ਨਵੀਂ ਦਿੱਲੀ ਵਿਖੇ ਆਯੋਜਿਤ ਕੀਤੇ ਇਸ ਸਮਾਗਮ ਦੌਰਾਨ ਪ੍ਰਦਾਨ ਕੀਤਾ।



ਡਾ. ਜਸਮੇਰ ਸਿੰਘ ਸੈਣੀ ਅੰਗਹੀਣ ਵਿਅਕਤੀਆਂ ਦੀ ਸੇਵਾ ਵਿੱਚ ਉਦੋਂ ਜੁੜੇ ਜਦੋਂ ਸੰਨ 1986 ਵਿੱਚ ਡਾਕਟਰਾਂ ਨੇ ਉਸਦੇ ਡੇਢ ਸਾਲ ਉਮਰ ਦੇ ਪੁੱਤਰ ਸੌਰਭ ਸੈਣੀ ਨੂੰ ਪੂਰੀ ਤਰ੍ਹਾਂ ਬੋਲ਼ਾ ਕਰਾਰ ਦੇ ਦਿੱਤਾ। ਇਸ ਸਮੇਂ ਹੀ ਭਾਰਤ ਸਰਕਾਰ ਨੇ 1995 ਵਿੱਚ "ਪਰਸਨਜ਼ ਵਿੱਦ ਡਵੈਲਬਿਲੀਟੀ" ਐਕਟ ਪਾਸ ਕਰ ਦਿੱਤਾ ਅਤੇ 1999 ਵਿੱਚ ਯੂਨੀਅਨ ਮਨਿਸਟਰੀ ਆਫ ਹਿਊਮਨ ਰਿਸੋਰਸ ਡਵੈਲਪਮੈਂਟ ਨੇ ਅੰਗਹੀਣ ਵਿਅਕਤੀਆਂ ਨੂੰ ਰੋਜ਼ਗਾਰ ਦੇਣ ਲਈ ਇੱਕ ਸਕੀਮ ਨੂੰ ਪ੍ਰਵਾਨਗੀ ਦੇ ਦਿੱਤੀ। ਡਾ. ਸੈਣੀ ਨੇ ਇਸ ਸਕੀਮ 'ਤੇ ਕੰਮ ਕੀਤਾ ਅਤੇ ਅੰਗਹੀਣਾਂ ਨੂੰ ਸਰਕਾਰੀ ਨੌਕਰੀਆਂ ਵਿੱਚ ਰਿਜ਼ਰਵੇਸ਼ਨ ਦੇਣ ਲਈ ਸਰਕਾਰ ਨਾਲ ਕੇਸ ਲੜਿਆ। ਜਿਸ ਸਦਕਾ ਦੇਸ਼ ਦੀਆਂ 50 ਪਾਲੀਟੈਕਨਿਕ ਸਿੱਖਿਆ ਸੰਸਥਾਵਾਂ ਵਿੱਚ 25 ਸੀਟਾਂ ਅੰਗਹੀਣਾ ਨੂੰ ਤਿੰਨ ਮਹੀਨੇ ਤੋਂ ਛੇ ਮਹੀਨਿਆਂ ਦੀ ਕਿੱਤਾ-ਸਿਖ਼ਲਾਈ ਵੀ ਦਿੱਤੀ ਗਈ। ਸ. ਜਸਮੇਰ ਸਿੰਘ ਨੇ ਅੰਗਹੀਣਾ ਨੂੰ ਪ੍ਰਾਈਵੇਟ ਅਦਾਰਿਆਂ ਵਿੱਚ ਨੌਕਰੀ ਦਿਵਾਉਣ ਲਈ 'ਕਨਫਡਰੇਸ਼ਨ ਆਫ ਇੰਡੀਅਨ ਇੰਡਸਟਰੀ ਇੰਨ ਚੰਡੀਗੜ੍ਹ' ਨਾਲ ਵੀ ਤਾਲਮੇਲ ਕਾਇਮ ਕੀਤਾ । ਜਿਸ ਸਦਕਾ 2010 ਵਿੱਚ ਟੈਕ ਮਹਿੰਦਰਾ ਨੇ 10 ਅੰਗਹੀਣ ਸਿਖਲਾਈ-ਪ੍ਰਾਪਤ ਨੌਜਵਾਨਾਂ ਨੂੰ ਨੌਕਰੀ ਦੇ ਦਿੱਤੀ। ਇਸ ਤੋਂ ਬਾਅਦ ਆਈ.ਬੀ.ਐੱਸ. ਅਤੇ ਟਾਟਾ ਜਿਹੇ ਅਦਾਰਿਆਂ ਨੇ ਵੀ ਅਪੰਗ ਵਿਅਕਤੀਆਂ ਨੂੰ ਨੌਕਰੀਆਂ ਦਿੱਤੀਆਂ। ਡਾ. ਸੈਣੀ ਦੀਆਂ ਕੋਸ਼ਿਸ਼ਾਂ ਸਦਕਾ ਹੁਣ ਤੱਕ ਕਰੀਬ 412 ਅਪੰਗ ਵਿਅਕਤੀਆਂ ਨੇ ਭਿੰਨ ਭਿੰਨ ਅਦਾਰਿਆਂ ਵਿੱਚ ਨੌਕਰੀਆਂ ਹਾਸਲ ਕੀਤੀਆਂ ਹਨ।

## ਰਾਸ਼ਟਰੀ ਨਿਸ਼ਾਨੇਬਾਜ਼ ਰਾਜਵੀਰ ਸਿੰਘ ਸੈਣੀ

ਰੂਪਨਗਰ ਸ਼ਹਿਰ ਤੋਂ ਮਹਿਜ ਪੰਜ ਕਿਲੋਮੀਟਰ ਦੂਰ ਇੱਕ ਛੋਟੇ ਜਿਹੇ ਪਿੰਡ, ਬੁੱਢਾ ਭੋਰਾ ਵਿੱਚ ਇੱਕ ਸਾਧਾਰਨ ਜਿਹੇ ਕਿਸਾਨ ਸ.ਗੁਰਜੀਤ ਸਿੰਘ ਸੈਣੀ ਦੇ ਘਰ ਜਨਮੇ ਰਾਜਵੀਰ ਸਿੰਘ ਨੇ ਓਲੰਪਿਕਸ ਖੇਡਾਂ ਵੱਲ ਨਜ਼ਰਾਂ ਟਿਕਾਈਆਂ ਹੋਈਆਂ ਹਨ।ਹੋਵੇ ਵੀ ਕਿਉਂ ਨਾ ਇਸ ਕਿਸ਼ੋਰ ਨੇ ਪੌਣੇ ਕੁ ਤੇਰਾਂ ਸਾਲ ਦੀ ਉਮਰ ਵਿੱਚ ਹੀ ਹੈਦਰਾਬਾਦ ਵਿਖੇ ਹੋਏ ਰਾਸ਼ਟਰੀ ਪੱਧਰ ਦੇ ਓਪਨ ਸਾਈਟ ਏਅਰ ਰਾਈਫਲ ਮੁਕਾਬਲੇ ਵਿੱਚ ਦੋ ਮੈਡਲ ਪ੍ਰਾਪਤ ਕੀਤੇ ਹਨ।ਇਸ ਮੁਕਾਬਲੇ ਵਿੱਚ ਰਾਜਵੀਰ ਨੇ 330 ਸਕੋਰ ਲੈ ਕੇ ਪੰਜਾਬ ਵਿੱਚ ਨਵਾਂ ਰਿਕਾਰਡ ਬਣਾਇਆ ਹੈ।ਇਸ ਤੋਂ ਪਹਿਲਾਂ 2016-17 ਦੇ ਰਾਜ ਪੱਧਰੀ ਮੁਕਾਬਲੇ ਵਿੱਚ ਇਸ ਪ੍ਰਤਿਭਾਸ਼ਾਲੀ ਨਿਸ਼ਾਨਚੀ ਨੇ ਗੋਲਡ ਮੈਡਲ ਹਾਸਿਲ ਕੀਤਾ ਸੀ।ਉਹ ਸ਼ਿਵਾਲਿਕ ਪਬਲਿਕ ਸਕੂਲ ਰੂਪਨਗਰ ਵਿੱਚ ਨੌਵੀਂ ਸ਼੍ਰੇਣੀ ਦਾ ਵਿਦਿਆਰਥੀ ਹੈ।ਆਰਥਿਕ ਕਮਜ਼ੋਰੀ ਕਾਰਨ ਉਹ ਅਜੇ ਅੰਤਰਰਾਸ਼ਟਰ ਪੱਧਰੀ ਰਾਈਫਲ ਲੈਣ ਤੋਂ ਅਸਮਰਥ ਹੈ।ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਰਾਜਵੀਰ ਜਿਹੇ ਖਿਡਾਰੀ ਨੂੰ ਬੁਲੰਦੀਆਂ ਤੱਕ ਪਹੁੰਚਣ ਲਈ ਪੈਸੇ ਦੀ ਕਮੀ ਨਾ ਆਉਣ ਦੇਵੇ।



## ਸੈਨੇਟਰ ਜਰਨੈਲ ਸਿੰਘ ਸੈਣੀ

ਜ਼ਿਲ੍ਹਾ ਹੁਸ਼ਿਆਰ ਦੇ ਪਿੰਡ ਮਿਰਜ਼ਾਪੁਰ ਧਾਰੀਵਾਲ ਵਿਖੇ ਪਹਿਲੀ ਜਨਵਰੀ 1950 ਨੂੰ ਸ.ਦਰਸ਼ਨ ਸਿੰਘ ਦੇ ਮਹੇੜੂ(ਸੈਣੀ) ਪਰਿਵਾਰ ਵਿੱਚ ਜਨਮੇ ਸ.ਜਰਨੈਲ ਸਿੰਘ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਰਜਿਸਟਰਡ ਗ੍ਰੈਜੁਏਟਸ ਕੰਸੀਚੁਐਂਸੀ ਵਿੱਚ ਲਗਾਤਾਰ ਸੱਤਵੀਂ ਵੇਰ ਸੈਨੇਟਰ ਦੀ ਚੋਣ ਜਿੱਤ ਕੇ ਇਤਿਹਾਸ ਬਣਾਇਆ ਹੈ।ਖ਼ਾਸ ਗੱਲ ਇਹ ਹੈ ਕਿ ਉਹ ਇਹ ਚੋਣ ਕਦੇ ਚੀ ਨਹੀਂ ਹਾਰੇ।ਇਸ ਵਿਦਵਾਨ ਨੇ ਗਣਿਤ ਵਿਸ਼ੇ ਦੀ ਐੱਮ.ਏ.,ਡੀ.ਏ.ਵੀ. ਕਾਲਜ ਜਲੰਧਰ ਤੋਂ ਅਤੇ ਐੱਮ.ਫਿਲ.ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕਰ ਕੇ ਡੀ.ਏ.ਵੀ.ਕਾਲਜ ਹੁਸ਼ਿਆਰਪੁਰ ਵਿੱਚ ਲੈਕਚਰਾਰ ਦੀ ਨੌਕਰੀ ਹਾਸਲ ਕਰ ਲਈ ਜਿੱਥੇ ਉਹ 1971 ਤੋਂ ਲੈ ਕੇ 2009 ਤੱਕ ਰਹਿ ਕੇ ਕਾਰਜਕਾਰੀ ਪਿੰਸੀਪਲ ਵਜੋਂ ਸੇਵਾਮੁਕਤ ਹੋਏ ਹਨ।ਪ੍ਰੋਫੈਸਰ ਸਾਹਿਬ ਆਪਣੇ ਵਿਦਿਆਰਥੀਆਂ ਅਤੇ ਸਾਥੀ ਅਧਿਆਪਕਾਂ ਵਿੱਚ ਹਰਮਨ ਪਿਆਰੇ ਹਨ।



## Extracts of Speech delivered by student who got First Position in Annual Declamation Contest (English) held in Saini Bhawan Rupnagar on 24.9.2016

Topic-Why India ranking second in world population, stands at the bottom in Olympics?

In our country there is negligence from childhood with sports.Most of the schools are in apartments and busy locations without any playground facilities. The media is very popular in showing crimes ,frauds, accidents, fashion shows but not sports other than cricket. Most of the Indian parents also want their children to be either doctor or engineer.

First of all let me be very clear about the fact that total population of a country has nothing to do with the total number of medals.Always remember that Olympians are drawn not from the entire population of the country but from a share that is actively participating .So,following are some of the reasons responsible for poor performance of India in Olympics.

The major reason is the political interference. Had we ever thought why India once invincible in hockey finds difficult to secure a place in Olympics. Too much political interference at different levels takes its toll over the spirit of sports. Moreover,except cricket no one is willing to sponsor any person from any other sport i.e.other sports do not get deserved recognition. In countries like Australia, Newzeland and Western Europe, Governments grant scholarships for every single game or sports or art.Our government is building up IIT's but has no concern to build a stadium.we are not even nominated for hosting any great event.

Another reason is lack of funds by central and State Governments. Abhinav Bhindra who earned gold medal for India revealed that he had not got any assistance from govt.of India.Had he not beloged to a well effulient family ,the medal would have been a dream for India.Moreover the infrastructure of India is such that he had to go to Germany for his training. Is not it a shame?

On the other hand by mistake if any talent rose up ,it remains undernourished, as corrupt officials and bureaucrats accompany them only to enjoy with their family trips abroad. Till bribery, conspiracies and nepotism are prevalent in India's sports system, improvement in sports is skeptical. India still has to learn to respect its sports persons and their requirements.

No permission should be given to run a school without playground facilities and a qualified physical director should be in each and every school.A fine training system is to be maintained and parents should change their mindset that their children will make glorious career in sports.Things are definitely changing for better.We have to consider it as a national cause and avoid politics from entering it.

I would like to conclude by saying that if we can produce P.T.Usha, Milkha Singh, Abhinav Bindra, Sushil Kumar, Saina Nehval and Sakshi Malik, we can produce many more and much better.

Speaker :
Km. Navkiran Mander
Class xii
Sri Dasmesh Academy, Anandpur Sahib

ਸੈਣੀ ਰੂਹਾਨੀ ਮਹਾਂਪੁਰਸ਼

# ਭਾਈ ਨੰਨੂਆ ਬੈਰਾਗੀ ਜੀ

ਗੁਰਮੁਖ ਸਿੰਘ ਲੌਂਗੀਆ
ਰੋਪੜ



ਬਹੁਤ ਸਾਰੀਆਂ ਅਜਿਹੀਆਂ ਰੂਹਾਂ ਵੀ ਸਿੱਖ ਇਤਿਹਾਸ ਵਿੱਚ ਵਿਚਰਦੀਆਂ ਹਨ, ਜਿਨ੍ਹਾਂ ਨੂੰ ਕੌਮ ਅਤੇ ਸਾਡਾ ਸਮਾਜ ਬਣਦਾ ਸਨਮਾਨ ਨਹੀਂ ਦੇ ਸਕਿਆ। ਅਜਿਹੀ ਇਕ ਮਿਲਾਪੜੀ ਸੇਵਾ ਦੀ ਪੁੰਜ ਅਤੇ ਸ਼ਹੀਦੀ ਦਾ ਜਾਮ ਪੀਣ ਵਾਲੀ ਮਹਾਨ ਸ਼ਖਸੀਅਤ ਹੋਈ ਹੈ – ਭਾਈ ਨੰਨੂਆ ਬੈਰਾਗੀ ਜੀ।

ਭਾਈ ਨੰਨੂਆ ਸੈਣੀ ਬਰਾਦਰੀ ਨਾਲ ਸਬੰਧਤ ਸਨ ਅਤੇ ਉਨ੍ਹਾਂ ਦੇ ਪਿਤਾ ਜੀ ਦਾ ਨਾਂ ਭਾਈ ਬੱਗਾ ਸੀ, ਜੋ ਮੁਹੱਲਾ ਦਿਲ ਵਾਲੀ ਦਿੱਲੀ ਦੇ ਰਹਿਣ ਵਾਲੇ ਸਨ, ਅਤੇ ਕੱਪੜੇ 'ਤੇ ਛਾਪੇਖਾਨੇ ਦਾ ਕੰਮ ਕਰਦੇ ਸਨ। ਸ਼ੁਰੂ ਵਿੱਚ ਭਾਈ ਨੰਨੂਆ ਬੈਰਾਗੀ ਸੰਪਰਦਾਇ ਨਾਲ ਜੁੜੇ ਹੋਏ ਸਨ ਪਰ ਬਾਅਦ ਵਿੱਚ ਉਹ ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਸੰਪਰਕ ਵਿੱਚ ਆ ਕੇ ਗੁਰੂਆਂ ਦੀ ਸੇਵਾ ਵਿੱਚ ਲੱਗ ਗਏ। ਭਾਈ ਨੰਨੂਆ ਜੀ ਇੱਕ ਅਜਿਹੀ ਮਹਾਨ ਸ਼ਖਸ਼ੀਅਤ ਹੋਏ ਹਨ, ਜਿਨ੍ਹਾਂ ਨੂੰ ਤਿੰਨ ਸਿੱਖ ਗੁਰੂਆਂ ਅੱਠਵੇਂ, ਨੌਵੇਂ ਅਤੇ ਦਸਵੇਂ ਗੁਰੂ ਜੀ ਨਾਲ ਰਹਿਣ ਅਤੇ ਉਨ੍ਹਾਂ ਦੀ ਅਦੁੱਤੀ ਸੇਵਾ ਕਰਨ ਦਾ ਸੁਭਾਗ ਹਾਸਲ ਹੋਇਆ ਅਤੇ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਇਨ੍ਹਾਂ ਤਿੰਨ ਸਿੱਖ ਗੁਰੂਆਂ ਦੀ ਸੇਵਾ ਵਿੱਚ ਹੀ ਅਰਪਣ ਕਰ ਦਿੱਤਾ।

ਜਦੋਂ 30 ਮਾਰਚ 1664 ਈ: ਨੂੰ ਦਿੱਲੀ ਵਿਖੇ ਬਾਲ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਲੋਕ ਗਮਨ ਹੋਇਆ ਤਾਂ ਉਨ੍ਹਾਂ ਦਾ ਸੰਸਕਾਰ ਕਰਨ ਵਾਲਿਆਂ ਵਿੱਚ ਭਾਈ ਨੰਨੂਆ ਜੀ ਵੀ ਸਨ। ਉਹ ਨੰਨੂ ਰਾਮ ਅਤੇ ਨੰਨੂ ਬੈਰਾਗੀ ਕਰਕੇ ਜਾਣੇ ਜਾਂਦੇ ਸਨ। ਭਾਈ ਨੰਨੂਆ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀਆਂ ਅਸਥੀਆਂ ਕੀਰਤਪੁਰ ਸਾਹਿਬ ਵਿਖੇ ਸਤਲੁਜ ਵਿੱਚ ਜਲ ਪ੍ਰਵਾਹ ਕਰਨ ਤੋਂ ਬਾਅਦ ਗੁਰੂ ਜੀ ਦੇ ਪਰਿਵਾਰ ਸਮੇਤ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਬਕਾਲੇ ਚਲੇ ਗਏ ਅਤੇ ਉਨ੍ਹਾਂ ਦੇ ਨਾਲ ਸਿੱਖੀ ਦੇ ਪ੍ਰਚਾਰ ਵਿੱਚ ਲੱਗ ਗਏ। ਉਹ ਨੌਵੇਂ ਪਾਤਸ਼ਾਹ ਜੀ ਦੇ ਨਜ਼ਦੀਕੀ ਸੇਵਕਾਂ ਵਿੱਚ ਰਹੇ ਅਤੇ ਤਨੋਂ ਮਨੋਂ ਗੁਰੂ ਜੀ ਦੀ ਸੇਵਾ ਵਿੱਚ ਲੱਗੇ ਰਹਿੰਦੇ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਦੀ ਖਾਤਰ ਕੁਰਬਾਨੀ ਦੇਣ ਲਈ ਦਿੱਲੀ ਵੱਲ ਚਲੇ ਤਾਂ ਭਾਈ ਨੰਨੂਆ ਜੀ ਵੀ ਉਨ੍ਹਾਂ ਦੀ ਸੰਗਤ ਵਿੱਚ ਹਾਜ਼ਰ ਸਨ। ਨੌਵੇਂ ਗੁਰੂ ਜੀ ਦੇ ਬਲੀਦਾਨ ਤੱਕ ਉਹ ਦਿੱਲੀ ਵਿੱਚ ਹੀ ਸਨ ਅਤੇ ਉਨ੍ਹਾਂ ਨੇ ਸਾਰਾ ਸ਼ਹੀਦੀ ਵਾਕਿਆ ਆਪਣੀ ਅੱਖੀਂ ਡਿੱਠਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਬਲੀਦਾਨ ਦੇਣ ਵਾਲੇ ਸਿੱਖਾਂ ਦੇ ਦੇਹ ਸੰਸਕਾਰ ਕਰਨ ਦਾ ਸੁਭਾਗ ਵੀ ਭਾਈ ਨੰਨੂਆ ਜੀ ਨੂੰ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਸੰਭਾਲਣ ਅਤੇ ਅਨੰਦਪੁਰ ਸਾਹਿਬ ਭੇਜਣ ਲਈ ਭਾਈ ਜੈਤਾ ਜੀ, ਭਾਈ ਗੁਰਬਖਸ਼ ਸਿੰਘ ਅਤੇ ਭਾਈ ਉਦਾ ਜੀ ਨਾਲ ਸਹਾਇਤਾ ਕੀਤੀ ਅਤੇ ਗੁਰੂ ਜੀ ਦੀ ਦੇਹ ਦਾ ਸਤਿਕਾਰ ਸਹਿਤ ਸਸਕਾਰ ਕਰਨ ਦਾ ਵੀ ਸਹੀ ਬੰਦੋਬਸਤ ਕੀਤਾ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਭਾਈ ਨੰਨੂਆ ਸ੍ਰੀ ਦਸਮੇਸ਼ ਪਿਤਾ ਜੀ ਪਾਸ ਆਨੰਦਪੁਰ ਸਾਹਿਬ ਪਹੁੰਚ ਗਏ ਅਤੇ ਉਹ ਅਨੰਦਪੁਰ ਸਾਹਿਬ ਆ ਕੇ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਤਿਆਰ ਹੋ ਗਏ ਅਤੇ ਉਨ੍ਹਾਂ ਦਾ ਨਾਂਅ ਜਵਾਲਾ ਸਿੰਘ ਨੰਨੂਆ ਰੱਖਿਆ ਗਿਆ। ਉਹ ਗੁਰੂ ਜੀ ਦੇ ਬਹਾਦਰ ਯੋਧਿਆਂ ਵਿੱਚ ਗਿਣੇ ਜਾਣ ਲੱਗੇ ਅਤੇ ਦਸਮ ਪਿਤਾ ਜੀ ਦੇ ਬਹੁਤ ਨਜ਼ਦੀਕੀ ਰਹੇ। ਸੰਨ 1704 ਵਿੱਚ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਉਹ ਗੁਰੂ ਗੋਬਿੰਦ ਸਿੰਘ ਜੀ ਨਾਲ ਹੀ ਉਨ੍ਹਾਂ 40 ਸਿੰਘਾਂ ਸਮੇਤ ਚਮਕੌਰ ਸਾਹਿਬ ਪਹੁੰਚੇ, ਜਿਨ੍ਹਾਂ ਨੇ ਅਥਾਹ ਬਹਾਦਰੀ ਦਿਖਾਉਂਦੇ ਹੋਏ ਚਮਕੌਰ ਦੀ ਲੜਾਈ ਵਿੱਚ ਸ਼ਹੀਦੀਆਂ ਪ੍ਰਾਪਤ ਕੀਤੀਆਂ। ਭਾਈ ਜਵਾਲਾ ਸਿੰਘ ਜੀ ਦੇ ਬਾਕੀ ਪਰਿਵਾਰ ਨੂੰ ਵੀ ਗੁਰੂ ਜੀ ਲਈ ਸ਼ਹੀਦੀਆਂ ਪਾਉਣ ਦਾ ਮਾਣ ਪ੍ਰਾਪਤ ਹੋਇਆ ਹੈ। ਉਨ੍ਹਾਂ ਦੇ ਇੱਕ ਪੁੱਤਰ ਦਰਬਾਰ ਸਿੰਘ ਨੇ ਆਗੰਮਪੁਰ ਦੀ ਲੜਾਈ ਵਿੱਚ ਲੜਦੇ ਸਮੇਂ ਸ਼ਹੀਦੀ ਪਾਈ ਜਦੋਂ ਕਿ ਦੂਜੇ ਪੁੱਤਰ ਗੁਰਬਾਰ ਸਿੰਘ ਨੇ ਮੁਕਤਸਰ ਦੀ ਲੜਾਈ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਭਾਈ ਨੰਨੂਆ ਜੀ ਦੇ ਪੋਤਰੇ ਕਵੀ ਜੈ ਰਾਜ ਸਿੰਘ ਸੈਣੀ ਨੂੰ ਮਹਾਰਾਜਾ ਪਟਿਆਲੇ ਦਾ 'ਦਰਬਾਰੀ ਕਵੀ' ਹੋਣ ਦਾ ਮਾਣ ਪ੍ਰਾਪਤ ਹੋਇਆ। ਇਸ ਤਰ੍ਹਾਂ ਪੂਰੇ ਪਰਿਵਾਰ ਨੇ ਆਪਣੀਆਂ ਸੇਵਾਵਾਂ ਨਾਲ ਸਿੱਖ ਪੰਥ ਨੂੰ ਚੜ੍ਹਦੀ ਕਲਾ ਵਿੱਚ ਲਿਜਾਣ ਲਈ ਅਜੀਬ ਘਾਲਣਾਵਾਂ ਘਾਲੀਆਂ।

ਭਾਵੇਂ ਭਾਈ ਨੰਨੂਆ ਜੀ ਦਾ ਜੀਵਨ ਸ਼ੁਰੂ ਵਿੱਚ ਬੈਰਾਗੀ ਰਿਹਾ ਹੈ ਅਤੇ ਉਹ ਨਾਨੂੰ ਬੈਰਾਗੀ ਦੇ ਤੌਰ 'ਤੇ ਵੀ ਪ੍ਰਸਿੱਧ ਹੋਏ ਪਰ ਬਾਅਦ ਵਿੱਚ ਸਿੱਖ ਗੁਰੂਆਂ ਦੀ ਸੰਗਤ ਅਤੇ ਭਾਈ ਘਨੱਈਆ ਜੀ ਦੀ ਸੇਵਾ ਮਿਸ਼ਨ ਤੋਂ ਵੀ ਬਹੁਤ ਪ੍ਰਭਾਵ ਪਿਆ ਅਤੇ ਉਹ ਭਾਈ ਘਨੱਈਆ ਜੀ ਦੇ ਵੀ ਅਨੁਆਈ ਬਣ ਗਏ ਅਤੇ ਸੇਵਾਪੰਥੀ ਸੰਪ੍ਰਦਾਇ ਵਿੱਚ ਵੀ ਕੰਮ ਕਰਦੇ ਰਹੇ। ਉਹ ਹਰ ਸਮੇਂ ਪ੍ਰਭੂ ਦੀ ਭਗਤੀ ਵਿੱਚ ਮਸਤ, ਮਨੁੱਖ ਦੇ ਭਲੇ ਲਈ ਕੰਮ ਕਰਦੇ ਰਹੇ। ਮਨੁੱਖਤਾ ਨੂੰ ਪਿਆਰ ਕਰਨ ਵਾਲੇ ਭਾਈ ਨੰਨੂਆ ਜੀ ਇਸ ਇਨਸਾਨੀਅਤ ਪ੍ਰਤੀ ਇੱਕ ਵਚਿੱਤਰ ਸ਼ਖ਼ਸੀਅਤ ਹੋਏ। ਇਨਸਾਨੀਅਤ ਦੇ ਪਿਆਰ ਸਦਕਾ ਹੀ ਉਨ੍ਹਾਂ ਨੇ 22 ਦਸੰਬਰ, 1704 ਈ: ਨੂੰ ਚਮਕੌਰ ਸਾਹਿਬ ਦੀ ਲੜਾਈ ਵਿੱਚ ਅਮਰ ਸ਼ਹੀਦੀ ਪ੍ਰਾਪਤ ਕੀਤੀ। ਇਸ ਤਰ੍ਹਾਂ ਭਾਈ ਨੰਨੂਆ ਜੀ 'ਤੇ ਸਿੱਖ, ਬੈਰਾਗੀ ਅਤੇ ਸੈਣੀ ਬਰਾਦਰੀ ਨੂੰ ਸਤਿਕਾਰਯੋਗ ਮਾਣ ਹੈ। ਉਨ੍ਹਾਂ ਦੀ ਕੋਈ ਢੁਕਵੀਂ ਯਾਦਗਾਰ ਬਣਾਈ ਜਾਣੀ ਚਾਹੀਦੀ ਹੈ।

# ਖੁਸ਼ ਪਰਿਵਾਰ

ਡਾ. ਜਸਵੰਤ ਕੌਰ ਸੈਣੀ
ਰੋਪੜ



ਆਪਣੇ ਪਰਿਵਾਰ ਨੂੰ ਖੁਸ਼ ਰੱਖਣ ਲਈ ਵੀ ਪਰਿਵਾਰ ਦੇ ਵੱਡਿਆਂ ਅਤੇ ਪਤੀ ਪਤਨੀ ਨੂੰ ਕਈ ਗੱਲਾਂ ਦਾ ਉਚੇਚਾ ਧਿਆਨ ਰੱਖਣਾ ਚਾਹੀਦਾ ਹੈ ਜਿਨ੍ਹਾਂ ਵਿੱਚੋਂ ਕੁੱਝ ਇਸ ਪ੍ਰਕਾਰ ਹਨ :

• ਘਰ ਪਰਿਵਾਰ ਵਿੱਚ ਮਨ-ਮੁਟਾਵ ਜਾਂ ਪਰੇਸ਼ਾਨੀ ਹੋਣ 'ਤੇ ਉਸ ਨੂੰ ਦੂਰ ਕਰਨ ਲਈ ਆਪਣੇ ਸਾਥੀ ਦੇ ਨੇੜੇ ਹੋ ਕੇ ਬੈਠ ਕੇ ਗੱਲ ਕਰੋ ਨਾ ਕਿ ਦੂਰ ਬੈਠ ਕੇ ਜਾਂ ਸਾਹਮਣੇ ਬੈਠ ਕੇ।

• ਰਾਤ ਨੂੰ ਗੱਲਬਾਤ ਕਰਨੀ ਹੋਵੇ ਤਾਂ ਹਲਕੀ ਰੋਸ਼ਨੀ ਵਿੱਚ ਕਰੋ ਇਸ ਨਾਲ ਤੁਸੀਂ ਹਲਕਾ ਅਤੇ ਆਰਾਮਦਾਇਕ ਮਹਿਸੂਸ ਕਰੋਗੇ ਅਤੇ ਸੁਰੱਖਿਅਤ ਵੀ। ਗੱਪਸ਼ੱਪ ਮਾਰਨ ਲਈ ਅਤੇ ਸਲਾਹ ਮਸ਼ਵਰਾ ਕਰਨ ਲਈ ਅਜਿਹੀ ਸਥਿਤੀ ਠੀਕ ਰਹਿੰਦੀ ਹੈ।

• ਜ਼ਿਆਦਾ ਟੈਨਸ਼ਨ ਦੀ ਹਾਲਤ ਵਿੱਚ ਬੱਚਿਆਂ ਨਾਲ ਵੀ ਸਲਾਹ ਤੇ ਗੱਲਬਾਤ ਕਰੋ। ਉਹ ਪ੍ਰਾਪਤੀਆਂ, ਅਪ੍ਰਾਪਤੀਆਂ, ਜਿੱਤਾਂ ਅਤੇ ਹਾਰਾਂ ਬਾਰੇ ਵਧੇਰੇ ਜਾਣਦੇ ਹਨ। ਉਹ ਤਣਾਅ ਤੋਂ ਬਚਣਾ ਅਤੇ ਤਣਾਅ-ਮੁਕਤ ਹੋਣ ਦੇ ਰਾਹ ਵੀ ਕੱਢ ਲੈਂਦੇ ਹਨ।

• ਸੋਫੇ ਉੱਤੇ ਆਰਾਮਦਾਇਕ ਹਾਲਤ ਵਿੱਚ ਬੈਠ ਕੇ, ਮੈਂ, ਤੂੰ ਦੀ ਥਾਂ ਆਪਾਂ ਕਹਿ ਕੇ, ਮੁਸ਼ਕਲ ਸਮੱਸਿਆਵਾਂ ਉੱਤੇ ਵਿਚਾਰ ਵਟਾਂਦਰਾ ਕੀਤਾ ਜਾ ਸਕਦਾ ਹੈ। ਪਰਿਵਾਰਕ ਮੀਟਿੰਗ ਖਾਣੇ ਵੇਲੇ (ਰਾਤ ਦੇ) ਵੀ ਕੀਤੀ ਜਾ ਸਕਦੀ ਹੈ। ਪਰ ਕੁਰਸੀਆਂ ਗੱਦੀਆਂ ਵਾਲੀਆਂ ਤੇ ਆਰਾਮਦਾਇਕ ਹੋਣੀਆਂ ਚਾਹੀਦੀਆਂ ਹਨ।

• ਜੇ ਕਰ ਤੁਸੀਂ ਆਪਣੇ ਮਾਪਿਆਂ ਤੋਂ ਦੂਰ ਨੌਕਰੀ ਕਰਦੇ ਹੋ ਜਾਂ ਰਹਿੰਦੇ ਹੋ ਤਾਂ ਬੱਚਿਆਂ ਦੇ ਦਾਦਾ, ਦਾਦੀ ਜਾਂ ਨਾਨਾ-ਨਾਨੀ ਆਉਂਦੇ ਜਾਂਦੇ ਰਹਿਣ ਤਾਂ ਬੱਚੇ ਖੁਸ਼ ਅਤੇ ਸੰਤੁਲਤ ਵਿਵਹਾਰ ਵਾਲੇ ਹੁੰਦੇ ਹਨ। ਜਿਹੜੇ ਬੱਚੇ ਬਜ਼ੁਰਗਾਂ ਦੇ ਹੱਥੀਂ ਪਲਦੇ ਹਨ ਉਨ੍ਹਾਂ ਨੂੰ ਤਣਾਅ ਘੱਟ ਤੋਂ ਘੱਟ ਹੁੰਦਾ ਹੈ। ਅਜਿਹੇ ਬੱਚੇ ਵਧੇਰੇ ਮਿਲਣਸਾਰ ਅਤੇ ਘੁੱਲਣ-ਮਿਲਣ ਵਾਲੇ ਹੁੰਦੇ ਹਨ।

• ਜੇ ਪਰਿਵਾਰ ਵਿੱਚ ਕੁਆਰੇ ਅਤੇ ਵਿਆਹੇ ਬੱਚੇ ਵੀ ਨਾਲ ਹੀ ਰਹਿੰਦੇ ਹਨ ਤਾਂ ਸਾਰਿਆਂ ਨੂੰ ਦਿਨ ਦੇ ਕੀਤੇ ਕੰਮਾਂ, ਚੰਗੇ ਮੰਦੇ ਤਜ਼ਰਬਿਆਂ ਨੂੰ ਰਾਤ ਸਮੇਂ ਖਾਣੇ ਦੀ ਮੇਜ਼ 'ਤੇ ਸਾਂਝੇ ਕਰਨਾ ਚਾਹੀਦਾ ਹੈ। ਇਸ ਨਾਲ ਜ਼ਿੰਦਗੀ ਦੇ ਉਤਰਾਅ ਚੜ੍ਹਾਅ ਬਾਰੇ ਪਤਾ ਲਗਦਾ ਹੈ।

• ਜੇ ਪਰਿਵਾਰ ਵਿੱਚ ਕਿਸੇ ਤਰ੍ਹਾਂ ਦਾ ਟਕਰਾਅ ਪੈਦਾ ਹੁੰਦਾ ਹੈ ਤਾਂ ਪਰਿਵਾਰ ਦੇ ਮੁਖੀ ਨੂੰ ਠਾਣੇਦਾਰ ਵਾਂਗ ਸਖ਼ਤ ਵਤੀਰਾ ਅਪਣਾਅ ਕੇ ਪਰਿਵਾਰ ਦੇ ਭਲੇ ਲਈ ਫੈਸਲਾ ਲੈਣਾ ਚਾਹੀਦਾ ਹੈ। ਪਰਿਵਾਰ ਦੇ ਮੁਖੀ ਨੂੰ ਸੁਹਿਰਦ ਹੋਣਾ ਚਾਹੀਦਾ ਹੈ।

• ਘਰ ਦੇ ਕੰਮਾਂ ਦੀ ਇੱਕ ਲਿਸਟ ਬਣਾਓ। ਵਾਰੀ ਵਾਰੀ ਤਰਤੀਬ ਨਾਲ ਉਨ੍ਹਾਂ ਨੂੰ ਕਰਦੇ ਜਾਓ। ਜੋ ਕੰਮ ਹੋ ਗਏ, ਜੋ ਰਹਿੰਦੇ ਹਨ ਸਭ ਕੁਝ ਸਾਂਝਾ ਕਰੋ ਇਉਂ ਪਰਿਵਾਰ ਦੇ ਜੀਆਂ ਨੂੰ ਇਸੇ ਤਰੀਕੇ ਨਾਲ ਕੰਮ ਕਰਨ ਦੀ ਆਦਤ ਪੈ ਜਾਵੇਗੀ।

• ਕੋਈ ਵਿਚਾਰ ਵਟਾਂਦਰਾ ਕਰਨਾ ਹੈ ਤਾਂ ਖੇਡਣ ਵੇਲੇ ਵੀ ਕੀਤਾ ਜਾ ਸਕਦਾ ਹੈ ਜਾਂ ਹਲਕਾ ਫੁਲਕਾ ਕੰਮ ਕਰਦੇ ਕਰਦੇ ਵੀ।

• ਭਾਵੇਂ ਤੁਸੀਂ ਘਰ ਤੋਂ ਬਾਹਰ ਹੋ, ਸਵੇਰੇ ਸਵੇਰੇ, ਤੁਸੀਂ ਮਨੋਰੰਜਨ ਕਰ ਰਹੇ ਹੋ ਜਾਂ ਦੂਜਿਆਂ ਉੱਤੇ ਪ੍ਰਭਾਵ ਪਾਉਣਾ ਚਾਹੁੰਦੇ ਹੋ ਤਾਂ ਵੀ ਆਪਣਾ ਵਤੀਰਾ ਲਚਕੀਲਾ ਰੱਖੋ।

• ਪਰਿਵਾਰ ਨਾਲ ਸਾਂਝ ਬਣਾਈ ਰੱਖਣ ਲਈ ਜਾਂ ਸਾਰਥਕ ਬਹਿਸ ਲਈ ਘਰ ਦੇ ਮੈਂਬਰਾਂ ਨਾਲ ਮਿਲ ਬੈਠੋ। ਇਹ ਸੁਵਿਧਾ ਘਰ ਵਿੱਚ ਹੀ ਪੈਦਾ ਕਰੋ ਤਾਂ ਕਿ ਕਿਤੇ ਬਾਹਰ ਨਾ ਜਾਣਾ ਪਵੇ।

• ਦੂਜਿਆਂ ਨੂੰ ਨੀਵਾਂ ਦਿਖਾਉਣ ਵਾਲੀਆਂ ਹਰਕਤਾਂ ਨਾ ਕਰੋ। ਕਈ ਘਮੰਡੀ ਲੋਕ ਜਾਂ ਤਾਕਤ ਦੇ ਨਸ਼ੇ ਵਾਲੇ, ਬਾਕੀ ਸਾਥੀਆਂ ਨਾਲੋਂ ਉੱਚੀ ਜਗ੍ਹਾ ਬੈਠਦੇ ਹਨ। ਕਈ ਪੈਰ ਉੱਚੇ ਕਰਕੇ ਜਾਂ ਗਰਦਣ ਦੁਆਲੇ ਹੱਥਾਂ ਦੀ ਕਰਿੰਘੜੀ ਪਾ ਕੇ ਲੇਟਦੇ ਹਨ, ਕਈ ਲੱਤ ਉੱਤੇ ਲੱਤ ਰੱਖ ਕੇ ਪੈਰ ਦੂਜੇ ਵੱਲ ਕਰਕੇ ਬੈਠਦੇ ਹਨ, ਅਜਿਹਾ ਕਰਨ ਨਾਲ, ਨਾਲ ਬੈਠੇ ਜਾਂ ਹੇਠਾਂ ਬੈਠੇ ਲੋਕ ਘਟੀਆ ਮਹਿਸੂਸ ਕਰਦੇ ਹਨ।

• ਮਾਪਿਆਂ ਦੇ ਤੌਰ 'ਤੇ ਵਿਚਰਦੇ ਸਮੇਂ ਆਵਾਜ਼ ਹੌਲੀ ਰੱਖੋ। ਬਹਿਸ ਕਰਕੇ ਬੱਚੇ ਨੂੰ ਘੇਰੋ ਨਾ। ਬੱਚੇ ਨੂੰ ਨੁਕਸਾਨ ਪਹੁੰਚਾਉਣ ਦੀ ਗੱਲ ਵੀ ਨਾ ਕਰੋ। ਬੱਚਿਆਂ ਨਾਲ ਆਨੰਦ ਕਿਵੇਂ ਮਾਨਣਾ ਹੈ ਇਸਦਾ ਧਿਆਨ ਰੱਖੋ। ਅਜਿਹਾ ਹਮੇਸ਼ਾ ਹੀ ਕਰੋ। ਸਾਰਾ ਜੀਵਨ ਆਪਾਂ ਖੁਸ਼ ਰਹਾਂਗੇ।

• ਤਣਾਅ ਦੂਰ ਕਰਨ ਲਈ ਹਲਕੇ ਫੁਲਕੇ ਗੀਤ ਸੁਣੋ। ਗਾ ਸਕਦੇ ਹੋ ਤਾਂ ਗਾਓ।

• ਪਰਿਵਾਰ ਦੇ ਜੀਆਂ ਨੂੰ ਛੋਟੀਆਂ ਛੋਟੀਆਂ ਖੁਸ਼ੀਆਂ ਮੌਕੇ, ਇਕ ਦੂਜੇ ਨੂੰ ਗਿਫ਼ਟ ਦੇਣੇ ਚਾਹੀਦੇ ਹਨ। ਇਸ ਨਾਲ ਅੰਤਰੀਵ ਖੁਸ਼ੀ ਮਿਲਦੀ ਹੈ।

• ਤੁਹਾਡੇ ਦੋਸਤ ਤੁਹਾਨੂੰ ਬਹੁਤ ਪਸੰਦ ਕਰਦੇ ਹੋ ਸਕਦੇ ਹਨ। ਉਹ ਵੀ ਤੁਹਾਡੀਆਂ ਉਦਾਸ ਗੱਲਾਂ ਬਹੁਤੀ ਦੇਰ ਤੱਕ ਨਹੀਂ ਸੁਣ ਸਕਦੇ । ਆਪਣੀਆਂ ਨਿੱਜੀ ਮੁਸ਼ਕਲਾਂ ਕਿਸੇ ਹੱਦ ਤੱਕ ਹੀ ਸੁਣਾਓ। ਥੋੜ੍ਹੀ ਦੇਰ ਬਾਅਦ ਵਿਸ਼ਾ ਬਦਲ ਦਿਓ।

• ਗੱਲਾਂ ਕਰਦੇ ਸਮੇਂ ਮੈਂ ਦੀ ਥਾਂ 'ਅਸੀਂ' ਜਾਂ 'ਆਪਾਂ' ਸ਼ਬਦ ਵਰਤੋਂ।

• ਸ਼ਾਮ 6 ਵਜੇ ਤੋਂ 8 ਵਜੇ ਦੌਰਾਨ ਬਹਿਸ ਨਾ ਕਰੋ। ਵੱਡੇ ਕੰਮ ਕਰਕੇ ਅੱਕੇ ਹੁੰਦੇ ਹਨ। ਛੋਟੇ ਥੱਕੇ ਹੁੰਦੇ ਹਨ। ਨੌਕਰੀਆਂ ਵਾਲੇ ਕੰਮ ਦੀ ਟੈਂਸ਼ਨ ਨਾਲ ਬੇਹਾਲ ਹੁੰਦੇ ਹਨ।



## FIVE YEAR MEMBERS OF "SAINI SANSAR"

Ajmer Singh Dhamrait
Circulation Manager

Continued from page No. 25 of 23rd Issue

621. **S. Bahel Singh DHP (Retd.)**
Vill. Phool Grewal, Distt. Ropar
622. **S. Balbinder Singh**
#2/B, Jalalane, Mominpore, Kolkata
623. **S. Sucheet Singh**
# 2014, #4, St. 4, New Bishan Nagar, Patiala
624. **S. Amar Singh**
#617, G.Z.S. Nagar, Ropar
625. **S. Narinder Singh Nindi**
# 3647, Sec. 69A, S.A.S. Nagar, Mohali
626. **S. Avtar Singh**
V.P.O. Lassara, Distt. Jallandhar
627. **S. Amarjeet Singh Basuta**
Sukhcainana Road, Phagwara
628. **S. Gurvinder Singh Tony**
V.P.O. Phoolpur Grewal, Distt. Ropar
629. **S. Harpreet Inder Singh** DEO (S), Ropar
630. **S. Lakhvir Singh**
VPO Kherislabatpur, Distt. Ropar
631. **S. Gurcharan Singh**
# 417, Mohalla Mira Bai, Ropar
632. **S. Man Singh**
Mumbai
633. **S. Harjeet Singh**
Hoshiarpur
634. **S. Amardeep Singh Luncky**
# 4, 2768, New Southwales, Sidney
635. **S. Didar Singh**
Near Dr. Shashi Hospital, Ropar
636. **S. Harjinder Singh Saini**
# 16, Gali No. 4, Patel Nagar, Phagwara
637. **S. Balbir Singh Saini (Rtd. DEO)**
Phagwara
638. **Smt. Nirmal Kaur**
Street No. 2, Preet Colony, Ropar
639. **Smt. Davinder Kaur Saini**
Guru Nagar Avenue, Ropar
640. **S. Gurdial Singh**
Near Pb. & Sind Bank, Ropar
641. **S. Surinder Pal Singh**
Commission Agent, Ladal
642. **S. Gurmeet Singh**
Vill. Milakwal, P.O. Panj Griyan, Ludhiana
643. **Master Balwinder Singh**
Preet Colony, Ropar
644. **S. Sajjan Singh**
#76, Mohindera Colony, Ropar
645. **S. R.P.S. Saini**
# 367, Phase 11, Mohali
646. **Principal Parwinder Singh**
G.G.S. Khalsa College, Mahilpur (Hsr)
647. **S. Gurcharan Singh**
# 573, Giani Zail Singh Nagar, Ropar
648. **Smt. Jaspreet Kaur**
Girja Nagar, Dhamangoan Road, Wadhwani College Yavatmal (Maharashtra)
649. **Smt. Harpreet Kaur**
# 58, Sun City 1, Ropar
650. **Sh. Puran Chand Saini**
# 83, Garden Colony, Ropar
651. **S. Kirpal Singh Ex Sarpanch**
Vill. Isapur, P.O. Derabassi, Distt. Patiala

## NEW LIFE MEMBERS OF SAINI BHAWAN RUPNAGAR

496. **Kamaldeep Singh Saini**
S/o S. Pritam Singh
# 122, Sector 16A, Chd.
Qualification : Graduate
Profession : Business



497. **S. Balbir Singh**
S/o S. Ajit Singh.
# 122, Sector 16A, Chd.
Qualification : I.T.I.
Profession : Service



ਭਾਰਤੀ ਮਹਿਲਾ ਹਾਕੀ ਦੇ ਇਤਿਹਾਸ ਦਾ ਸੁਨਹਿਰੀ ਹਰਫ਼

# ਰੂਪਾ ਸੈਣੀ

ਕੁਲਦੀਪ ਸਿੰਘ
ਕੀਰਤਪੁਰ ਸਾਹਿਬ



ਮਹਿਲਾ ਹਾਕੀ ਦੇ ਇਤਿਹਾਸ ਵਿੱਚ ਸੈਣੀ ਭੈਣਾਂ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਇਕੋਂ ਸਮੇਂ ਤਿੰਨ ਭੈਣਾਂ (ਪ੍ਰੇਮਾ,ਰੂਪਾ ਤੇ ਕ੍ਰਿਸ਼ਨਾ)ਭਾਰਤੀ ਹਾਕੀ ਟੀਮ ਦਾ ਸ਼ਿੰਗਾਰ ਰਹੀਆਂ ਹਨ। ਚੌਥੀ ਭੈਣ ਸਵਰਨਾ ਸੈਣੀ ਅਥਲੈਟਿਕਸ ਵਿੱਚ ਕੌਮੀ ਪੱਧਰ ਦੀ ਅਥਲੀਟ ਰਹੀ ਹੈ। ਚਾਰੇ ਭੈਣਾਂ ਦੀ ਖੇਡਾਂ ਨੂੰ ਦੇਣ ਭੁਲਾਈ ਨਹੀਂ ਜਾ ਸਕਦੀ।

ਜੇ ਇਕੱਲੀ ਰੂਪਾ ਦੀ ਗੱਲ ਕਰੀਏ ਤਾਂ ਉਹ ਓਲੰਪਿਕ ਖੇਡਾਂ ਵਿੱਚ ਕਪਤਾਨੀ ਕਰਨ ਵਾਲੀ ਭਾਰਤ ਦੀ ਪਹਿਲੀ ਮਹਿਲਾ ਹਾਕੀ ਖਿਡਾਰਨ ਹੈ। 1980 ਦੀਆਂ ਮਾਸਕੋ ਓਲੰਪਿਕ ਖੇਡਾਂ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਨੂੰ ਪਹਿਲੀ ਵਾਰ ਓਲੰਪਿਕ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ ਤੇ ਇਸ ਟੀਮ ਦੀ ਕਪਤਾਨ ਰੂਪਾ ਸੈਣੀ ਸੀ। ਉਹ 6-7 ਸਾਲ ਦੀ ਉਮਰ ਵਿੱਚ ਖੇਡ ਮੈਦਾਨ ਨਾਲ ਜੁੜ ਗਈ। ਦਸਵੀਂ ਕਲਾਸ ਵਿੱਚ ਪੜ੍ਹਦਿਆਂ ਉਸ ਨੇ ਭਾਰਤੀ ਹਾਕੀ ਟੀਮ ਵਿੱਚ ਥਾਂ ਬਣਾ ਲਈ ਸੀ। 14 ਵਰ੍ਹਿਆਂ ਦੀ ਉਮਰੇ ਉਸ ਨੇ ਕੌਮੀ ਪੱਧਰ 'ਤੇ ਪੈਪਸੂ ਦੀ ਕਪਤਾਨੀ ਕੀਤੀ ਅਤੇ 16 ਵਰ੍ਹਿਆਂ ਦੀ ਉਮਰੇ ਉਸ ਨੂੰ ਕੌਮਾਂਤਰੀ ਮੈਚ ਖੇਡਣ ਦਾ ਮੌਕਾ ਮਿਲਿਆ। ਹਾਕੀ ਤੋਂ ਇਲਾਵਾ ਉਹ ਅਥਲੈਟਿਕਸ ਅਤੇ ਵਾਲੀਬਾਲ ਵਿੱਚ ਵੀ ਕੌਮੀ ਪੱਧਰ 'ਤੇ ਮੱਲਾਂ ਮਾਰ ਚੁੱਕੀ ਹੈ। ਜਿੱਥੇ ਪ੍ਰੇਮਾ,ਰੂਪਾ,ਕ੍ਰਿਸ਼ਨਾ ਨੇ ਭਾਰਤੀ ਹਾਕੀ ਦੀ ਟੀਮ ਅਗਵਾਈ ਕੀਤੀ ਉਥੇ ਤਿੰਨ ਭੈਣਾਂ ਰੂਪਾ ਕ੍ਰਿਸ਼ਨਾ ਤੇ ਸਵਰਨਾ ਇਕੋ ਵੇਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵਾਲੀਬਾਲ ਟੀਮ ਦੀਆਂ ਅਹਿਮ ਖਿਡਾਰਨਾਂ ਰਹੀਆਂ ਜਿਨ੍ਹਾਂ ਨੇ 1972-73 ਵਿੱਚ ਲਗਾਤਾਰ ਦੋ ਸਾਲ ਅੰਤਰ 'ਵਰਸਿਟੀ ਚੈਂਪੀਅਨਸ਼ਿਪ ਜਿੱਤੀ।ਰੂਪਾ ਨੇ ਸਰਕਾਰੀ ਸਰੀਰਕ ਸਿੱਖਿਆ ਕਾਲਜ ਪਟਿਆਲਾ ਤੋਂ ਐਮ ਏ ਕੀਤੀ ਤੇ ਬਾਅਦ ਵਿੱਚ ਪੀ ਐੱਚ ਡੀ ਵੀ ਕੀਤੀ। ਸਿਖਿਆ ਖੇਤਰ ਵਿਚ ਐਡਹਾਕ ਲੈਕਚਰਾਰ ਤੋਂ ਬਰਜਿੰਦਰਾ ਕਾਲਜ ਫਰੀਦਕੋਟ ਅਤੇ ਮਹਿੰਦਰਾ ਕਾਲਜ ਪਟਿਆਲਾ ਵਿਚ ਲੈਕਚਰਾਰ, ਕਪੂਰਥਲਾ ਕਾਲਜ ਵਿਚ ਪ੍ਰਿੰਸੀਪਲ ਤੱਕ ਦਾ ਸਫ਼ਰ ਤੈਅ ਕੀਤਾ। ਇਸ ਤੋਂ ਬਾਅਦ ਉਹ ਸਿੱਖਿਆ ਵਿਭਾਗ ਵਿੱਚ ਡਿਪਟੀ ਡਾਇਰੈਕਟਰ (ਸਰੀਰਕ ਸਿੱਖਿਆ) ਵੀ ਬਣੀ।

ਉਸ ਨੇ ਬਤੌਰ ਕੋਚ/ਮੈਨੇਜਰ ਦੀ ਵੱਡੀ ਪੁਲਾਂਘ ਪੁੱਟੀ।ਉਹ 1998 ਤੋਂ 2002 ਵਿਚ ਭਾਰਤੀ ਹਾਕੀ ਟੀਮ ਨਾਲ ਜੁੜੀ ਅਤੇ ਇਹ ਦੌਰ ਭਾਰਤੀ ਮਹਿਲਾ ਹਾਕੀ ਲਈ ਸੁਨਹਿਰੀ ਬਣ ਗਿਆ ।ਭਾਰਤੀ ਮਹਿਲਾ ਹਾਕੀ ਟੀਮ ਨੇ 1998 ਵਿਚ ਬੈਂਕਾਕ ਏਸ਼ਿਆਈ ਖੇਡਾਂ ਵਿਚ ਚਾਂਦੀ ਦਾ ਤਗਮਾ ਅਤੇ 2002 ਦੀਆਂ ਮੈਨਚੈਸਟਰ ਰਾਸ਼ਟਰਮੰਡਲ ਖੇਡਾਂ ਵਿਚ ਸੋਨੇ ਦਾ ਤਗਮਾ ਜਿੱਤਿਆ।

ਰੂਪਾ ਸੈਣੀ ਦਾ ਜਨਮ ਫਰੀਦਕੋਟ ਵਿਚ 2 ਸਤੰਬਰ 1954 ਨੂੰ ਹੋਇਆ। ਉਸ ਦੇ ਪਿਤਾ ਦਰਜਾ ਚਾਰ ਮੁਲਾਜ਼ਮ ਸਨ ਅਤੇ ਉਸ ਨੇ ਆਪਣਾ ਬਚਪਨ ਬਰਜਿੰਦਰਾ ਕਾਲਜ ਫਰੀਦਕੋਟ ਦੇ ਖੇਡ ਮੈਦਾਨਾਂ ਨਾਲ ਲੱਗਦੇ ਕੁਆਟਰ ਵਿਚ ਗੁਜ਼ਾਰਿਆ।ਰੂਪਾ ਸੈਣੀ ਅਤੇ ਉਸ ਦੀਆਂ ਭੈਣਾਂ ਲਈ ਇਹ ਥਾਂ ਖੇਡਾਂ ਦੀ ਪਹਿਲੀ ਸਿਖਲਾਈ ਸੰਸਥਾ ਬਣ ਗਈ।ਕੁਆਟਰ ਸਾਹਮਣੇ ਹਾਕੀ ਦੇ ਘਾਹ ਵਾਲੇ ਮੈਦਾਨਾਂ 'ਤੇ ਸਾਰਾ ਦਿਨ ਲੜਕੇ ਹਾਕੀ ਖੇਡਦੇ ਹੁੰਦੇ ਸਨ। ਰੂਪਾ ਤੇ ਉਸਦੀਆਂ ਭੈਣਾਂ ਹਾਕੀ ਦੇ ਮੈਚ ਦੇਖਦੀਆਂ ਰਹਿੰਦੀਆਂ ਸਨ।ਛੇਵੀਂ ਜਮਾਤ ਵਿਚ ਪੜ੍ਹਦਿਆਂ ਆਪਣੀਆਂ ਵੱਡੀਆ ਭੈਣਾਂ ਨੂੰ ਖੇਡਦਿਆਂ ਦੇਖ ਕੇ ਉਸ ਦਾ ਰੁਝਾਨ ਹਾਕੀ ਵੱਲ ਹੋ ਗਿਆ।ਚਾਰੇ ਭੈਣਾਂ ਨੇ ਘਰ ਦੇ ਸਾਹਮਣੇ ਵਾਲੇ ਮੈਦਾਨ ਵਿਚ ਸਖ਼ਤ ਮਿਹਨਤ ਕੀਤੀ।ਇਸੇ ਮਿਹਨਤ ਨੇ ਰੂਪਾ ਨੂੰ ਭਾਰਤ ਦੀ ਨੰਬਰ ਇੱਕ ਸੈਂਟਰ ਹਾਫ਼ ਖਿਡਾਰਨ ਬਣਾਇਆ।ਰੂਪਾ ਸੈਣੀ ਤੋਂ ਵੱਡਾ ,ਉੱਚਾ ਅਤੇ ਦੂਰੀ ਦਾ ਸਕੂਪ ਹੁਣ ਤੱਕ ਕਿਸੇ ਖਿਡਾਰਨ ਤੋਂ ਨਹੀਂ ਲੱਗਿਆ।ਰੂਪਾ ਸੈਣੀ ਦੱਸਦੀ ਹੈ ਕਿ 1965 ਵਿਚ ਪ੍ਰਤਿਭਾ ਦੀ ਖੋਜ਼ ਪ੍ਰੋਗਰਾਮ ਤਹਿਤ ਫਰੀਦਕੋਟ ਵਿਖੇ ਖੇਡ ਵਿੰਗ ਦੀ ਸ਼ੁਰੂਆਤ ਹੋਈ।ਇਸ ਵਿੰਗ 'ਚ ਦੁੱਧ ਅਤੇ ਹੋਰ ਖੁਰਾਕ ਮੁਫ਼ਤ ਮਿਲਦੀ ਸੀ।ਇਸ ਗੱਲ ਨੇ ਵੀ ਖੇਡਾਂ ਪ੍ਰਤੀ ਉਸ ਦਾ ਉਤਸ਼ਾਹ ਵਧਾਇਆ।



ਹੁਣ 62 ਵਰ੍ਹਿਆਂ ਦੀ ਰੂਪਾ ਸੈਣੀ ਦਾ ਦਾਅਵਾ ਹੈ ਕਿ ਜੇਕਰ ਅੱਜ ਵੀ ਉਸ ਨੂੰ ਗੇਂਦ ਕੰਟਰੋਲ ਕਰਨ ਜਾਂ ਹਿੱਟ ਲਗਾਉਣ ਨੂੰ ਕਿਹਾ ਜਾਵੇ ਤਾਂ ਉਹ ਨਵੀਂ ਉਮਰ ਦੀਆਂ ਖਿਡਾਰਨਾਂ ਤੋਂ ਘੱਟ ਨਹੀਂ ਹੋਵੇਗੀ। 1975 ਵਿੱਚ ਉਹ ਨੇ ਪੰਜਾਬੀ ਯੂਨੀਵਰਸਿਟੀ ਹਾਕੀ ਟੀਮ ਦੀ ਕਪਤਾਨੀ ਕੀਤੀ। ਇਹ ਟੀਮ ਅੰਤਰ ਵਰਸਿਟੀ ਵਿੱਚ ਦੂਜੇ ਸਥਾਨ ਤੇ ਆਈ। ਵਾਲੀਬਾਲ ਵਿੱਚ ਵੀ ਉਹ ਅੰਤਰ 'ਵਰਸਿਟੀ ਚੈਂਪੀਅਨ ਬਣੀ।

ਉਸ ਨੂੰ 1970 ਵਿਚ ਜਾਪਾਨ ਦੇ ਐਕਸਪੋ ਕੌਮਾਂਤਰੀ ਹਾਕੀ ਟੂਰਨਾਮੈਂਟ ਖੇਡਣ ਲਈ ਭਾਰਤੀ ਟੀਮ ਵਿੱਚ ਚੁਣਿਆ ਗਿਆ ਜਿਸ ਵਿੱਚ ਭਾਰਤੀ ਟੀਮ ਚੈਂਪੀਅਨ ਬਣੀ। ਉਸ ਤੋਂ ਬਾਅਦ ਉਹ 1970-71 ਵਿੱਚ ਭਾਰਤ ਦੌਰੇ 'ਤੇ ਆਈ ਯੂਗਾਂਡਾ ਦੀ ਹਾਕੀ ਟੀਮ ਵਿਰੁੱਧ ਖੇਡੀ ਤੇ ਚਾਰ ਮੈਚਾਂ ਦੀ ਲੜੀ ਭਾਰਤ ਨੇ 4-0 ਨਾਲ ਜਿੱਤੀ। ਰੂਪਾ ਸੈਣੀ ਇਕ ਦਹਾਕਾ ਭਾਰਤੀ ਹਾਕੀ ਟੀਮ ਦੀ ਜਿੰਦਜਾਨ ਰਹੀ। 1974 ਵਿੱਚ ਫਰਾਂਸ ਵਿੱਚ ਹੋਏ ਪਹਿਲੇ ਵਿਸ਼ਵ ਕੱਪ ਵਿੱਚ ਉਸ ਨੇ

ਭਾਰਤ ਦੀ ਨੁਮਾਇੰਦਗੀ ਕੀਤੀ। ਇਸ ਵਿਸ਼ਵ ਕੱਪ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਨੇ ਹੁਣ ਤੱਕ ਆਪਣੇ ਇਤਿਹਾਸ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ ਸੀ। ਭਾਰਤੀ ਟੀਮ ਸੈਮੀ ਫਾਈਨਲ ਤੱਕ ਪੁੱਜੀ ਅਤੇ ਕਾਂਸੀ ਦੇ ਤਗ਼ਮੇ ਵਾਲੇ ਮੈਚ ਵਿੱਚ ਅਰਜਨਟੀਨਾ ਤੋਂ 0-1 ਨਾਲ ਹਾਰ ਕੇ ਚੌਥੇ ਸਥਾਨ ਤੇ ਰਹੀ। 1975 ਵਿੱਚ ਦੁਬਾਰਾ ਉਸ ਨੂੰ ਸਕਾਟਲੈਂਡ ਵਿਖੇ ਮਿੰਨੀ ਵਿਸ਼ਵ ਚੈਂਪੀਅਨਸ਼ਿਪ ਖੇਡਣ ਦਾ ਮੌਕਾ ਮਿਲਿਆ, ਜਿਸ ਵਿੱਚ ਭਾਰਤੀ ਟੀਮ ਨੇ ਚਾਂਦੀ ਦਾ ਤਗ਼ਮਾ ਜਿੱਤਿਆ। ਭਾਰਤੀ ਮਹਿਲਾ ਹਾਕੀ ਟੀਮ ਨੂੰ 1980 ਦੀਆਂ ਮਾਸਕੋ ਓਲੰਪਿਕ ਖੇਡਾਂ ਵਿੱਚ ਦਾਖ਼ਲਾ ਮਿਲਿਆ। ਇਹ ਪਹਿਲਾ ਮੌਕਾ ਸੀ ਜਦੋਂ ਓਲੰਪਿਕ ਵਿੱਚ ਮਹਿਲਾ ਹਾਕੀ ਟੀਮ ਨੂੰ ਸ਼ਾਮਲ ਕੀਤਾ ਗਿਆ। ਰੂਪਾ ਸੈਣੀ ਨੇ ਮਾਸਕੋ ਓਲੰਪਿਕਸ ਵਿੱਚ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰ ਕੇ ਆਪਣਾ ਨਾਮ ਮਹਿਲਾ ਹਾਕੀ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਵਾਇਆ। ਇਨ੍ਹਾਂ ਓਲੰਪਿਕ ਖੇਡਾਂ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ ਅਤੇ ਇਹ ਭਾਰਤੀ ਹਾਕੀ ਟੀਮ ਦਾ ਓਲੰਪਿਕ ਦਾ ਹੁਣ ਤੱਕ ਦਾ ਸਰਬੋਤਮ ਪ੍ਰਦਰਸ਼ਨ ਹੈ।

ਰੂਪਾ ਸੈਣੀ ਦਾ ਮੰਨਣਾ ਹੈ ਕਿ ਖੇਡਾਂ ਵਿੱਚ ਪ੍ਰਾਪਤੀ ਲਈ ਅਨੁਸ਼ਾਸਨ, ਸਖ਼ਤ ਮਿਹਨਤ ਤੇ ਲਗਨ ਨਾਲ ਖੇਡਾਂ ਅਤੇ ਪੜ੍ਹਾਈ ਨੂੰ ਬਰਾਬਰ ਰੱਖ ਕੇ ਦੋਵਾਂ ਖੇਤਰਾਂ ਵਿੱਚ ਮੱਲਾ ਮਾਰੀਆਂ ਜਾ ਸਕਦੀਆਂ ਹਨ। ਰੂਪਾ ਸੈਣੀ ਆਪਣੇ ਪਿਤਾ ਵੱਲੋਂ ਮਿਲੇ ਆਦਰਸ਼ਾਂ ਨੂੰ ਆਪਣੀ ਜ਼ਿੰਦਗੀ ਦੀ ਸਫ਼ਲਤਾ ਦੀ ਕੁੰਜੀ ਮੰਨਦੀ ਹੈ। ਪ੍ਰੋ. ਗੁਰਬਚਨ ਸਿੰਘ ਅਤੇ ਕੋਚ ਅਮਰੀਕਾ ਸਿੰਘ ਕੋਲੋਂ ਹਾਸਲ ਕੀਤੀ ਤਾਲੀਮ ਨੇ ਉਸ ਨੂੰ ਓਲੰਪਿਕ ਦੀ ਕਪਤਾਨੀ ਤੱਕ ਪਹੁੰਚਾਇਆ।

ਰੂਪਾ ਸੈਣੀ ਨੂੰ ਖੇਡਾਂ ਵਿੱਚ ਪ੍ਰਾਪਤੀਆਂ ਬਦਲੇ ਬਹੁਤ ਮਾਣ-ਸਨਮਾਨ ਅਤੇ ਪੁਰਸਕਾਰ ਮਿਲੇ। ਉਸਨੇ ਕਾਲਜ ਕਲਰ , ਯੂਨੀਵਰਸਿਟੀ ਕਲਰ , ਮਹਾਰਾਜਾ ਰਣਜੀਤ ਸਿੰਘ ਐਵਾਰਡ ,ਤੋਂ ਅਰਜੁਨ ਐਵਾਰਡ ਤੱਕ ਪੁਰਸਕਾਰ ਹਾਸਲ ਕੀਤੇ ਹਨ। ਉਸ ਦੀਆਂ ਖੇਡ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਨੇ 1979 ਵਿਚ ਉਸ ਨੂੰ ਅਰਜੁਨ ਐਵਾਰਡ ਨਾਲ ਸਨਮਾਨਿਆ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਉਸ ਨੂੰ ਖੇਡ ਪ੍ਰਾਪਤੀਆਂ ਬਦਲੇ ਗੋਲਡ ਮੈਡਲ ਨਾਲ ਸਨਮਾਨਿਆ। ਮਿੰਨੀ ਓਲੰਪਿਕਸ ਵਜੋਂ ਮਸ਼ਹੂਰ ਕਿਲਾ ਰਾਏਪੁਰ ਦੀਆਂ ਖੇਡਾਂ ਵਿੱਚ ਚਾਰੇ ਸੈਣੀ ਭੈਣਾਂ ਤੇ ਉਨ੍ਹਾਂ ਦੇ ਪਿਤਾ ਦਾ ਸਨਮਾਨ ਕੀਤਾ ਗਿਆ। ਨਿਸ਼ਾਨ-ਏ-ਖਾਲਸਾ ਤੇ ਗਰੇਟ ਡਾਟਰਜ਼ ਆਫ਼ ਇੰਡੀਆ' ਜਿਹੇ ਸਨਮਾਨ ਰੂਪਾ ਸੈਣੀ ਨੂੰ ਮਿਲ ਚੁੱਕੇ ਹਨ। ਸੇਵਾ ਮੁਕਤੀ ਉਪਰੰਤ ਉਹ ਹੁਣ ਪਟਿਆਲਾ ਰਹਿ ਰਹੀ ਹੈ। ਉਸ ਦੇ ਪਤੀ ਸ ਸਿੰਘ ਬਡਵਾਲ ਭਾਰਤੀ ਹਵਾਈ ਸੈਨਾ ਵਿੱਚ ਵਿੰਗ ਕਮਾਂਡਰ ਰਹੇ ਹਨ। ਰੂਪਾ ਸੈਣੀ ਨਾ ਸਿਰਫ ਪੰਜਾਬ ਬਲਕਿ ਦੇਸ਼ ਭਰ ਦੀਆਂ ਧੀਆਂ ਲਈ ਪ੍ਰੇਰਨਾ ਸਰੋਤ ਹੈ।

## ਨਹੀਂ ਰੀਸਾਂ ਪੰਜਾਬੀਆਂ ਦੀਆਂ

ਅਸਟ੍ਰੇਲੀਆ ਵਿੱਚ ਪਹਿਲੀ ਵੇਰ ਵੱਕਾਰੀ ਕੌਮੀ ਪੁਰਸਕਾਰ 'ਅਸਟ੍ਰੇਲੀਅਨ ਆਫ਼ ਦ ਯੀਅਰ'ਇੱਕ ਪੰਜਾਬੀ ਸਿੱਖ ਨੌਜਵਾਨ ਸ.ਤੇਜਿੰਦਰਪਾਲ ਸਿੰਘ ਨੂੰ ਦਿੱਤਾ ਗਿਆ ਹੈ।ਉਸ ਨੂੰ ਇਹ ਐਵਾਰਡ ਨਿਜੀ ਤੌਰ 'ਤੇ ਲੋੜਵੰਦ ਲੋਕਾਂ ਨੂੰ ਖਾਣਾ ਖੁਆਉਣ ਅਤੇ ਲੋੜੀਂਦੀ ਮਦਦ ਕਰਨ ਲਈ ਦਿੱਤਾ ਗਿਆ ਹੈ।ਟੈਕਸੀ ਚਾਲਕ ਤੇਜਿੰਦਰ ਸਿੰਘ ਆਪਣੇ ਪਰਿਵਾਰ ਸਮੇਤ ਮੂਲਵਾਦੀ ਅਸਟ੍ਰੇਲੀਅਨਾਂ ਦੀ ਬਹੁਗਿਣਤੀ ਵਾਲੇ ਖੇਤਰ,ਨਦਰਨ ਟੈਰਿਟਰੀ ਵਿੱਚ ਰਹਿੰਦਾ ਹੈ।ਉਹ ਹਰ ਮਹੀਨੇ ਦੇ ਆਖਰੀ ਐਤਵਾਰ ਆਪਣੀ ਵੈਨ 'ਤੇ 85 ਕਿੱਲੋ ਦਾਲ ਤੇ ਚੌਲ ਰੱਖ ਕੇ ਲੋੜਵੰਦਾਂ ਦੇ ਖੇਤਰ ਵਿੱਚ ਜਾ ਕੇ ਵੰਡਦਾ ਹੈ ਜਿਸ ਨਾਲ ਲਗਭੱਗ ਡੇਢ ਸੌ ਵਿਅਕਤੀ ਆਪਣਾ ਪੇਟ ਭਰਦੇ ਹਨ।ਨਦਰਨ ਟੈਰਿਟਰੀ ਦੇ ਮੁੱਖ ਮੰਤਰੀ ਮਾਈਕਲ ਗਨਰ ਨੇ ਸ.ਤੇਜਿੰਦਰਪਾਲ ਸਿੰਘ ਨੂੰ ਇਹ ਮਾਣ ਮਿਲਣ ਤੇ ਵਧਾਈ ਦਿੱਤੀ ਹੈ।ਉਸ ਨੂੰ ਇਹ ਐਵਾਰਡ ਜਨਵਰੀ 2017 ਨੂੰ ਮੁਲਕ ਦੀ ਰਾਜਧਾਨੀ ਕੈਨਬਰਾ ਵਿਖੇ ਇੱਕ ਸਮਾਗਮ ਦੌਰਾਨ ਦਿੱਤਾ ਜਾਵੇਗਾ।ਇਹ ਭਾਰਤ,ਪੰਜਾਬ ਤੇ ਸਿੱਖ ਕੌਮ ਲਈ ਅਤਿ ਮਾਣ ਦੀ ਗੱਲ ਹੈ।

## ਵਿਸ਼ਵ ਚੋਂ 'ਉੱਤਮ ਯੂਨੀਵਰਸਿਟੀ

ਯੂ.ਐਸ.ਨਿਊਜ਼ ਨੇ ਪੰਜਾਬ ਯੂਨੀਵਰਸਿਟੀ ਨੂੰ ਵਿਸ਼ਵ ਦਾ ਸਰਵੋਤਮ ਸਿੱਖਿਆ ਅਦਾਰਾ ਘੋਸ਼ਿਤ ਕੀਤਾ ਹੈ।ਇਹ ਨਿਊਜ਼ ਏਜੰਸੀ ਪਿਛਲੇ ਤਿੰਨ ਦਹਾਕਿਆਂ ਤੋਂ ਇਹ ਮੁਕਾਬਲੇ ਕਰਵਾ ਰਹੀ ਹੈ।ਇਸ ਸਾਲ ਇਸ ਵਿੱਚ 57 ਦੇਸ਼ਾਂ ਦੀਆਂ 750 ਪ੍ਰਸਿੱਧ ਯੂਨੀਵਰਸਿਟੀਆਂ ਨੂੰ ਸ਼ਾਮਿਲ ਕੀਤਾ ਗਿਆ ਸੀ।ਦਰਜਾਬੰਦੀ ਕਰਨ ਲਈ ਯੂਨੀਵਰਸਿਟੀ ਵਿੱਚ ਹੋ ਰਹੀ ਖੋਜ,ਅਦਾਰੇ ਦੇ ਵਕਾਰ, ਦੇਸ਼ ਵਿਦੇਸ਼ ਤੋਂ ਦਾਖ਼ਲ ਵਿਦਿਆਰਥੀਆਂ ਦੀ ਗਿਣਤੀ ਅਤੇ ਹੋਰ ਖੇਤਰਾਂ ਦੀਆਂ ਪ੍ਰਾਪਤੀਆਂ ਨੂੰ ਆਧਾਰ ਬਣਾਇਆ ਜਾਂਦਾ ਹੈ।ਮੁਕਾਬਲੇ ਲਈ ਅੰਕੜੇ ਥੌਂਪਸਨ ਰਾਇਟਰਜ਼ ਵਲੋਂ ਮੁਹੱਈਆ ਕਰਵਾਏ ਜਾਂਦੇ ਹਨ।ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇੰਗਲੈਂਡ ਦੀ ਐਕਸਫੋਰਡ ਯੂਨੀਵਰਸਿਟੀ ਇਸ ਮੁਕਾਬਲੇ ਵਿੱਚ ਛੇਵੇਂ ਸਥਾਨ 'ਤੇ ਆਈ ਹੈ।ਇਸ ਮਾਣਮੱਤੀ ਪ੍ਰਾਪਤੀ ਲਈ ਯੂਨੀਵਰਸਿਟੀ ਦੇ ਅਧਿਆਪਕ ਤੇ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ।

## ਵਿਸ਼ਵ ਦੀ ਸਭ ਤੋਂ ਮਹਿੰਗੀ ਪੁਸਤਕ

ਉੱਘੇ ਭੌਤਿਕ ਵਿਗਿਆਨੀ ਸਰ ਇਸਾਕ ਨਿਊਟਨ ਦੁਆਰਾ 1687 ਵਿੱਚ "ਗਤੀ ਦੇ ਨਿਯਮਾਂ" ਬਾਰੇ ਲਿਖੀ ਪੁਸਤਕ "ਪ੍ਰਿੰਸੀਪੀਆ ਮੈਥੇਮੈਟਿਕਾ" 37 ਲੱਖ ਡਾਲਰ ਵਿੱਚ ਨਿਲਾਮ ਹੋਈ ਹੈ।

ਫਿਲਪੀਨ ਕਹਾਣੀ

# ਬਗਲਾ ਮੱਝ ਉੱਤੇ ਕਿਉਂ ਬੈਠਦਾ ਹੈ?

ਗੁਰਚਰਨ ਸਿਘ
ਰੂਪਨਗਰ



ਇੱਕ ਪੰਛੀ ਜਿਹੜਾ ਅਕਸਰ ਧਾਨ ਦੇ ਖੇਤਾਂ ਵਿੱਚ ਵੇਖਿਆ ਜਾਂਦਾ ਹੈ, ਉਹ ਹੈ ਬਗਲਾ। ਇਹ ਚਿੱਟੇ ਰੰਗ ਦਾ ਹੁੰਦਾ ਹੈ ਅਤੇ ਇਸ ਦੀਆਂ ਲੱਤਾ ਲੰਬੀਆਂ ਹੁੰਦੀਆਂ ਹਨ। ਇਸ ਦਾ ਇਹ ਨਾਂ ਪਸ਼ੂਆਂ ਦੀ ਪਿੱਠ ਵਿਸ਼ੇਸ਼ ਕਰਕੇ ਗਾਂ-ਮੱਝ ਦੀ ਪਿੱਠ ਉੱਤੇ ਖੜ੍ਹਨ ਦੀ ਆਦਤ ਕਾਰਨ ਪਿਆ ਹੈ।

ਸ਼ਾਇਦ ਤੁਸੀਂ ਕਦੇ ਹੈਰਾਨ ਵੀ ਹੋਏ ਹੋਵੋਗੇ ਕਿ ਮੱਝ ਆਪਣੇ ਲੰਬੇ ਲੰਬੇ ਸਿੰਗਾਂ ਨਾਲ ਉਸ ਨੂੰ ਭਜਾ ਕਿਉਂ ਨਹੀਂ ਦਿੰਦੀ। ਸਿਆਣੇ ਬੰਦੇ ਜਿਹੜੇ ਪਸ਼ੂਆਂ ਬਾਰੇ ਜਾਣਦੇ ਹਨ ਸਾਨੂੰ ਦਸਦੇ ਹਨ ਕਿ ਬਗਲਾ ਮੱਝ ਦੀ ਪਿੱਠ ਉੱਤੇ ਉਹਨਾਂ ਮੱਖੀਆਂ ਨੂੰ ਫੜਨ ਲਈ ਬੈਠਦਾ ਹੈ ਜਿਹੜੀਆਂ ਮੱਝ ਨੂੰ ਡੰਗ ਮਾਰਦੀਆਂ ਹਨ। ਬਗਲਾ ਉਹਨਾ ਡੱਡੂਆਂ ਅਤੇ ਕੀੜਿਆਂ ਨੂੰ ਵੀ ਖਾਂਦਾ ਹੈ ਜਿਹੜੇ ਮੱਝਾਂ ਦੇ ਚਰਣ ਸਮੇਂ ਡਰ ਕੇ ਘਾਹ ਵਿੱਚੋਂ ਭੱਜ ਜਾਂਦੇ ਹਨ। ਮੱਝ ਦਾ ਕੀੜਿਆਂ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਬਗਲੇ ਨੂੰ ਖੁਰਾਕ ਮਿਲ ਜਾਂਦੀ ਹੈ। ਇਸ ਲਈ ਦੋਨੋਂ ਹੀ ਇਸ ਪ੍ਰਬੰਧ ਨੂੰ ਪਸੰਦ ਕਰਦੇ ਹਨ।

ਫੇਰ ਵੀ ਅਜਿਹੀ ਪੁਰਾਣੀ ਕਹਾਣੀ ਹੈ ਜਿਹੜੀ ਇੱਕ ਰੋਚਿਕ ਵਿਧੀ ਨਾਲ ਇਹ ਵਿਆਖਿਆ ਕਰਦੀ ਹੈ ਕਿ ਬਗਲਾ ਕਿਉਂ ਮੱਝ ਦੀ ਪਿੱਠ ਉੱਤੇ ਸਵਾਰ ਹੁੰਦਾ ਹੈ ਹੈ।

ਉਹ ਕਹਾਣੀ ਇਸ ਤਰ੍ਹਾਂ ਹੈ:

ਇਕ ਵਾਰ ਦੀ ਗੱਲ ਹੈ ਜਦੋਂ ਸੰਸਾਰ ਦੀ ਉਮਰ ਹਾਲੇ ਛੋਟੀ ਹੀ ਸੀ, ਬਗਲੇ ਅਤੇ ਮੱਝ ਵਿਚਕਾਰ ਝਗੜਾ ਹੋ ਗਿਆ। ਉਹਨਾਂ ਨੇ ਇੱਕ ਦੂਜੇ ਨੂੰ ਬੜਾ ਵੱਧ-ਘੱਟ ਕਿਹਾ ਪਰ ਉਹਨਾਂ ਦਾ ਝਗੜਾ ਕਿਸੇ ਤਰ੍ਹਾਂ ਵੀ ਨਾ ਨਿੱਬੜਿਆ । ਅੰਤ ਮੱਝ ਨੇ ਕਿਹਾ , "ਆਓ, ਆਪਾਂ ਇੱਕ ਮੁਕਾਬਲੇ ਰਾਹੀਂ, ਆਪਣੇ ਮੱਤ-ਭੇਦ ਮੁਕਾ ਲਈਏ। ਆਓ, ਆਪਾਂ ਨਦੀ ਤੇ ਚਲੀਏ ਅਤੇ ਇਸਦਾ ਜਿੰਨਾ ਵੱਧ ਤੋਂ ਵੱਧ ਪਾਣੀ ਪੀ ਸਕਦੇ ਹੋਈਏ, ਪੀਵੀਏ। ਜਿਹੜਾ ਜਿੱਤੇਗਾ, ਦੂਜੇ ਨੂੰ ਦਾਸ ਬਣਾ ਲਵੇਗਾ।"

"ਪਰ ਸਾਨੂੰ ਕਿਵੇਂ ਪਤਾ ਲੱਗੂ, ਕਿਸਨੇ ਬਹੁਤ ਪਾਣੀ ਪੀਤਾ?" ਬਗਲੇ ਨੇ ਪੁੱਛਿਆ।

"ਜੀਹਨੇ ਪਾਣੀ ਪੀ ਕੇ ਪਾਣੀ ਨੂੰ ਘੱਟ ਡੂੰਘਾ ਕਰ ਦਿੱਤਾ, ਉਸ ਨੇ ਅਵੱਸ਼ ਹੀ ਵਧੇਰੇ ਜ਼ਿਆਦਾ ਪਾਣੀ ਪੀਤਾ ਹੋਵੇਗਾ।" ਮੱਝ ਨੇ ਉੱਤਰ ਦਿੱਤਾ।

ਬਗਲੇ ਨੇ ਕੁਝ ਸਮੇਂ ਲਈ ਇਸ ਗੱਲ ਉੱਤੇ ਵਿਚਾਰ ਕੀਤੀ। ਫੇਰ ਉਸਨੇ ਕਿਹਾ, "ਤੇਰਾ ਢਿੱਡ ਏਡਾ ਵੱਡਾ ਹੈ ਤੇਰੇ ਲਈ ਇਹ ਮੁਕਾਬਲਾ ਜਿੱਤਣਾ ਬਹੁਤ ਆਸਾਨ ਹੋਵੇਗਾ। ਫਿਰ ਵੀ ਮੈਂ ਪਾਣੀ ਪੀਣ ਲਈ ਤਿਆਰ ਹਾਂ।"

"ਆਓ। ਫੇਰ ਦਰਿਆ ਉੱਤੇ ਚਲੀਏ।" ਮੱਝ ਨੇ ਕਿਹਾ।

"ਏਨੀ ਜਲਦੀ ਕਰਨ ਦੀ ਲੋੜ ਨਹੀਂ। ਸਾਡੇ ਕੋਲ ਤਾਂ ਨਿਰਣਾ ਕਰਨ ਲਈ ਪੰਚ ਹੀ ਨਹੀਂ ਹਨ। ਸਵੇਰ ਤੱਕ ਇੰਤਜ਼ਾਰ ਕਰਨਾ ਪਵੇਗਾ। ਤੂੰ ਚੌਪਾਏ ਪਸ਼ੂਆਂ ਨੂੰ ਏਥੇ ਆ ਕੇ ਫੈਸਲਾ ਕਰਨ ਲਈ ਕਹੀਂ ਅਤੇ ਮੈਂ ਪੰਛੀਆਂ ਨੂੰ ਸੱਦਾਂਗਾ।

ਇਸ ਪਿੱਛੋਂ ਉਹ ਇੱਕ ਦੂਜੇ ਤੋਂ ਵੱਖ ਹੋ ਗਏ। ਬਗਲਾ ਉੱਡ ਕੇ ਬਾਂਸਾਂ ਦੀ ਝਿੜੀ ਵਿੱਚ ਚਲਾ ਗਿਆ। ਉਹ ਲੰਬੇ ਸਮੇਂ ਤੱਕ ਬੈਠਾ ਪਾਣੀ ਨੂੰ ਦੇਖਦਾ ਰਿਹਾ। ਅੰਤ ਉਹ ਉਥੋਂ ਉੱਡ ਗਿਆ। ਉਸ ਨੇ ਆਸ-ਪਾਸ ਦੇ ਖੇਤਾਂ ਦਿਆਂ ਪੰਛੀਆਂ ਨੂੰ ਅਗਲੇ ਦਿਨ ਮੁਕਾਬਲੇ ਦਾ ਫੈਸਲਾ ਦੇਣ ਲਈ ਉਥੇ ਆਉਣ ਨੂੰ ਆਖਿਆ।

ਅਗਲੇ ਦਿਨ ਪਸ਼ੂ ਅਤੇ ਪੰਛੀ ਨਦੀ ਉੱਤੇ ਪਹੁੰਚੇ। ਮੱਝ ਨੇ ਚੌਪਾਇਆਂ ਨੂੰ ਅਤੇ ਬਗਲੇ ਨੇ ਪੰਛੀਆਂ ਨੂੰ ਸੱਦਿਆ ਸੀ। ਪੰਚਾਂ ਨੇ ਨਦੀ ਦੇ ਕਿਨਾਰੇ ਇੱਕ ਲੰਬੀ ਕਤਾਰ ਬਣਾਈ ਅਤੇ ਕਿਹਾ, "ਪਾਣੀ ਪੀਣ ਦਾ ਮੁਕਾਬਲਾ ਸ਼ੁਰੂ ਕੀਤਾ ਜਾਵੇ।"

"ਤੂੰ ਪਹਿਲਾਂ ਪੀ ਲੈ।" ਮੱਝ ਨੇ ਬਗਲੇ ਨੂੰ ਕਿਹਾ।

"ਨਹੀਂ, ਤੂੰ ਪਹਿਲਾਂ ਪੀ।" ਬਗਲੇ ਨੇ ਉੱਤਰ ਦਿੱਤਾ।

"ਜੇ ਮੈਂ ਪਾਣੀ ਪੀ ਪੀ ਨਦੀ ਨੂੰ ਮੁਕਾ ਦਿੱਤਾ, ਤਾਂ ਤੇਰੇ ਪੀਣ ਨੂੰ ਪਾਣੀ ਬਚੇਗਾ ਹੀ ਨਹੀਂ। ਫਿਰ ਸਾਡਾ ਮੁਕਾਬਲਾ ਕਿਵੇਂ ਹੋਵੇਗਾ।" ਮੱਝ ਨੇ ਕਿਹਾ।

"ਇਸ ਗੱਲ ਉੱਤੇ ਏਨਾ ਵਿਸ਼ਵਾਸ ਕਰਨ ਦੀ ਲੋੜ ਨਹੀਂ," ਬਗਲੇ ਨੇ ਕਿਹਾ। ਉਹ ਪੰਚ ਵੱਲ ਮੁੜਿਆ ਅਤੇ ਕਿਹਾ, "ਸਤਿਕਾਰਯੋਗ ਪੰਚੋ, ਕਿਸ ਨੂੰ ਪਹਿਲਾਂ ਪਾਣੀ ਪੀਣਾ ਚਾਹੀਦਾ ਹੈ। ਮੱਝ ਨੇ ਇਸ ਮੁਕਾਬਲੇ ਦਾ ਸੁਝਾਅ ਦਿੱਤਾ ਸੀ।"

"ਤਾਂ ਫਿਰ ਮੱਝ ਨੂੰ ਹੀ ਮੁਕਾਬਲਾ ਸ਼ੁਰੂ ਕਰਨਾ ਬਣਦਾ ਹੈ।" ਪੰਚਾਂ ਨੇ ਆਦੇਸ਼ ਦਿੱਤਾ।

ਇਸ ਸੁਣ ਕੇ ਮੱਝ ਨੇ ਆਪਣਾ ਮੂੰਹ ਪਾਣੀ ਵਿੱਚ ਡੋਬਿਆ ਅਤੇ ਪਾਣੀ ਪੀਣਾ ਸ਼ੁਰੂ ਕਰ ਦਿੱਤਾ। ਉਹ ਪਾਣੀ ਪੀਂਦੀ ਗਈ, ਪੀਂਦੀ ਗਈ। ਪਸ਼ੂਆਂ ਅਤੇ ਪੰਛੀਆਂ ਨੇ ਸੋਚਿਆ, ਉਹ ਕਦੇ ਵੀ ਪਾਣੀ ਪੀਣਾ ਬੰਦ ਨਹੀਂ ਕਰੇਗੀ।

ਪਰ ਇੱਕ ਬਹੁਤ ਅਜੀਬ ਗੱਲ ਹੋਈ। ਜਿੰਨਾ ਜ਼ਿਆਦਾ ਪਾਣੀ ਮੱਝ ਪੀਂਦੀ ਗਈ, ਪਾਣੀ ਹੋਰ ਡੂੰਘਾ ਹੁੰਦਾ ਗਿਆ। ਇਸ ਸਮੇਂ ਬਗਲੇ ਤੋਂ ਬਿਨਾਂ ਕਿਸੇ ਨੂੰ ਵੀ ਇਸ ਭੇਤ ਦਾ ਪਤਾ ਨਹੀਂ ਸੀ ਕਿ ਪਾਣੀ ਕਿਉਂ ਚੜ੍ਹ ਰਿਹਾ ਸੀ। ਉਸਨੇ ਇਕ ਦਿਨ ਪਹਿਲਾਂ ਨਦੀ 'ਚ ਬੜੇ ਧਿਆਨ ਨਾਲ ਵੇਖਿਆ ਸੀ। ਦਰਿਆ ਵਿੱਚੋਂ ਆ ਰਿਹਾ ਸਮੁੰਦਰ ਦਾ ਪਾਣੀ ਨਦੀ ਨੂੰ ਹੋਰ ਡੂੰਘਾ ਕਰੀ ਜਾ ਰਿਹਾ ਸੀ। ਸੋ ਜਿੰਨਾ ਵੱਧ ਸਮਾਂ ਮੱਝ ਨੇ ਪਾਣੀ ਪੀਣ ਲਈ ਲਾਇਆ, ਪਾਣੀ ਦਾ ਵਹਾਓ ਹੋਰ ਉੱਚਾ ਹੁੰਦਾ ਗਿਆ। (ਪਾਣੀ ਹੋਰ ਡੂੰਘਾ ਹੁੰਦਾ ਗਿਆ)।

ਅੰਤ ਉੱਤੇ ਜਿੱਥੇ ਮੱਝ ਪਾਣੀ ਪੀਣ ਲਈ ਖੜ੍ਹੀ ਹੋਈ ਸੀ, ਹੁਣ ਉਹ ਉੱਥੇ ਖੜ੍ਹੀ ਪਾਣੀ ਵਿੱਚ ਤੈਰ ਰਹੀ ਸੀ ਅਤੇ ਪੰਚਾਂ ਨੇ ਉਸ ਉੱਤੇ ਹੱਸਣਾ ਸ਼ੁਰੂ ਕਰ ਦਿੱਤਾ ਸੀ। ਫੇਰ ਮੱਝ ਪਾਣੀ ਤੋਂ

ਬਾਹਰ ਨਿਕਲੀ ਅਤੇ ਕਹਿਣ ਲੱਗੀ "ਹੁਣ ਬਗਲੇ ਨੂੰ ਪਾਣੀ ਪੀਣ ਦਿਓ ਜੇ ਉਹ ਪੀ ਸਕਦਾ ਹੈ।"

"ਜਿਵੇਂ ਹੀ ਮੈਂ ਆਪਣੇ ਖੰਭਾਂ ਨੂੰ ਸੁਆਰ ਲਵਾਂਗਾ, ਮੈਂ ਪਾਣੀ ਪੀਣ ਲਈ ਤਿਆਰ ਹੋਵਾਂਗਾ। ਬਗਲੇ ਨੇ ਕਿਹਾ। ਉਸਨੇ ਆਪਣੇ ਖੰਭਾਂ ਨੂੰ ਠੀਕ ਕਰਨ ਲਈ ਕਾਫ਼ੀ ਸਮਾਂ ਲਾਇਆ। ਅਸਲ ਵਿੱਚ ਉਹ ਪਾਣੀ ਦੇ ਵਹਾਓ ਦੇ ਘਟਣ ਦਾ ਇੰਤਜ਼ਾਰ ਕਰ ਰਿਹਾ ਸੀ।

ਜਦੋਂ ਬਗਲੇ ਨੇ ਪਾਣੀ ਸਮੁੰਦਰ ਵੱਲ ਨੂੰ ਮੁੜਦਿਆਂ ਦੇਖਿਆ, ਉਹ ਨਦੀ ਦੇ ਕੰਢੇ ਤੇ ਗਿਆ ਅਤੇ ਕਿਹਾ, "ਹੁਣ ਮੈਂ ਜਿੰਨਾ ਪਾਣੀ ਪੀ ਸਕਦਾ ਹਾਂ, ਪੀਣ ਦਾ ਜਤਨ ਕਰਾਂਗਾ।"

ਉਸਨੇ ਆਪਣੀ ਚੁੰਝ ਪਾਣੀ ਵਿੱਚ ਡੋਬੀ ਅਤੇ ਪਾਣੀ ਪੀਣ ਦਾ ਬਹਾਨਾ ਕੀਤਾ। ਜਲਦੀ ਹੀ ਪੰਚਾਂ ਨੂੰ ਪਤਾ ਲੱਗ ਗਿਆ ਕਿ ਪਾਣੀ ਘੱਟ ਡੂੰਘਾ ਹੁੰਦਾ ਜਾ ਰਿਹਾ ਸੀ। ਉਹਨਾਂ ਨੂੰ ਪਾਣੀ ਦੇ ਵਹਾਓ ਵਾਲੇ ਭੇਤ ਦਾ ਪਤਾ ਨਹੀਂ ਸੀ ਤੇ ਉਹ ਬਹੁਤ ਹੈਰਾਨੀ ਨਾਲ ਵੇਖ ਰਹੇ ਸਨ। ਮੱਝ ਸਹਿਮ ਗਈ ਜਦੋਂ ਉਸ ਨੇ ਦੇਖਿਆ ਕਿ ਪਾਣੀ ਪਲ-ਪਲ ਨੀਵਾਂ ਹੁੰਦਾ ਜਾ ਰਿਹਾ ਸੀ। ਬਗਲੇ ਨੇ ਆਪਣੀ ਚੁੰਝ ਬਾਹਰ ਕੱਢੀ ਅਤੇ ਕਿਹਾ, "ਸਤਿਕਾਰਯੋਗ, ਪੰਚੋ, ਆਪਣਾ ਫੈਸਲਾ ਸੁਣਾਉਣ ਦੀ ਕਿਰਪਾ ਕਰੋ,"

"ਬਗਲਾ ਜਿੱਤ ਗਿਆ ਹੈ।' ਪਸ਼ੂਆਂ ਨੇ ਕਿਹਾ।

"ਬਗਲਾ ਜਿੱਤ ਗਿਆ ਹੈ।" ਪੰਛੀਆਂ ਨੇ ਕਿਹਾ।

"ਮੱਝ ਨੂੰ ਬਗਲੇ ਦੀ ਦਾਸ ਬਣਨਾ ਪਵੇਗਾ।" ਪਸ਼ੂਆਂ ਅਤੇ ਪੰਛੀਆਂ ਨੇ ਮਿਲ ਕੇ ਕਿਹਾ।

ਇਹੀ ਕਾਰਨ ਹੈ ਕਿ ਤੁਸੀਂ ਬਗਲੇ ਨੂੰ ਆਪਣੀ ਦਾਸ ਮੱਝ ਦੀ ਪਿੱਠ ਉੱਤੇ ਬੈਠਿਆਂ ਵੇਖਦੀ ਹੋ, ਜਿਵੇਂ ਹੀ ਉਹ ਉਸ ਉੱਤੇ ਚੜ੍ਹ ਕੇ ਬੈਠਦਾ ਹੈ, ਉਸਦੀ ਧੌਣ ਪਿੱਛੇ ਨੂੰ ਹੁੰਦੀ ਹੈ ਅਤੇ ਅੱਖਾਂ ਅੱਧ-ਮੀਟੀਆਂ ਹੁੰਦੀਆਂ ਹਨ। ਕਿਹਾ ਜਾਂਦਾ ਹੈ, ਉਹ ਉਸ ਮੁਕਾਬਲੇ ਬਾਰੇ ਸੋਚ ਰਿਹਾ ਹੁੰਦਾ ਹੈ ਜਿਹੜਾ ਉਸ ਨੇ ਬਹੁਤ ਸਮਾਂ ਪਹਿਲਾਂ ਜਿੱਤਿਆ ਸੀ।


ਸਾਹਿਬੇ-ਕਮਾਲ, ਸਰਬੰਸਦਾਨੀ,
ਮਹਾਨ ਜਰਨੈਲ ਤੇ ਅਦੁੱਤੀ ਬਾਣੀਕਾਰ
ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ
੩੫੦ਵੇਂ ਪ੍ਰਗਟ ਦਿਵਸ
੫ ਜਨਵਰੀ ੨੦੧੭
ਦੇ ਪ੍ਰਵਿੱਤਰ ਦਿਹਾੜੇ 'ਤੇ ਸਮੂਹ
ਮਨੁੱਖਤਾ ਨੂੰ ਲੱਖ ਲੱਖ ਵਧਾਈ।






ਬੱਚਿਆਂ ਲਈ ਕਵਿਤਾ

## ਬਾਂਦਰ ਵੰਡ

ਜਸਵੀਰ ਸਿੰਘ ਲੰਗੜੋਆ

ਇੱਕ ਵਾਰੀ ਕੁੱਝ ਘਰਾਂ ਦੇ ਲਾਗੇ,
ਬਿੱਲੀਆਂ ਸਨ ਦੋ ਰਹਿੰਦੀਆਂ,
ਆਪਸ ਦੇ ਵਿੱਚ ਸਾਂਝ ਸੀ ਗੂੜ੍ਹੀ,
'ਕੱਠੀਆਂ ਉੱਠਦੀਆਂ ਬਹਿੰਦੀਆਂ ।
ਇੱਕ ਦਿਨ ਭੋਜਨ ਲੱਭਣ ਗਈਆਂ ,
ਦੋਵੇਂ ਬਣ ਕੇ ਜੋਟੀ,
ਮਿਲ ਗਈ ਆਖ਼ਰ ਕਿਸੇ ਦੇ ਘਰ 'ਚੋਂ,
ਦੋਹਾਂ ਨੂੰ ਇੱਕ ਰੋਟੀ ।
ਬਿੱਲੀਆਂ ਦੋ ਸਨ , ਰੋਟੀ ਇੱਕ ਸੀ;
ਸੋਚਣ ਕਿੰਜ ਵੰਡੀ ਪਾਈਏ?
ਤਾਂ ਜੋ ਸਬਰ ਸ਼ੁਕਰ ਨਾਲ ਖਾ ਕੇ ,
ਛੇਤੀ ਘਰ ਮੁੜ ਜਾਈਏ ।
ਇੱਕ ਦੂਜੀ ਨਾਲ ਨਹੀਂ ਸੀ ਕਰਨੀ,
ਚਾਹੁੰਦੀਆਂ ਬੇਇਨਸਾਫ਼ੀ ,
ਕਹਿੰਦੀਆਂ ਪੂਰਾ ਹਿੱਸਾ ਮਿਲ ਜਾਏ,
ਏਨਾ ਹੀ ਬਸ ਕਾਫ਼ੀ।
ਰਾਹ ਵਿੱਚ ਖੜ੍ਹੀਆਂ ਸੋਚਣ ਦੋਵੇਂ,
ਹੁਣ ਕੀ ਕੀਤਾ ਜਾਵੇ?
ਕੁਝ ਚਿਰ ਪਿੱਛੋਂ ਦੇਖਿਆ ਦੂਰੋਂ,
ਇੱਕ ਬਾਂਦਰ ਤੁਰਿਆ ਆਵੇ।
ਮਾਰੀ 'ਵਾਜ਼ ਦੋਹਾਂ ਨੇ ਰਲ ਕੇ ,
ਕਹਿੰਦੀਆਂ ਬਾਂਦਰ ਚਾਚਾ !
ਅਸੀ ਹਾਂ ਦੋ ਤੇ ਰੋਟੀ ਇੱਕ ਹੈ,
ਸਾਡੀ ਮੁਸ਼ਕਿਲ ਤਾਂ ਸੁਲਝਾਅ ।
ਬਾਂਦਰ ਨੇ ਦੋ ਪੱਤੇ ਲੈ ਕੇ,
ਤੱਕੜੀ ਇੱਕ ਬਣਾਈ,
ਤੱਕ ਨਾਲ ਅੱਧ 'ਚੋਂ ਪਾੜ ਕੇ ਰੋਟੀ,
ਉਸ ਪੱਲੜਿਆਂ ਵਿੱਚ ਟਿਕਾਈ।
ਜਿਹੜਾ ਪੱਲੜਾ ਨੀਵਾਂ ਹੋਵੇ, ਖਾ ਜਾਏ ਉਸ 'ਚੋਂ ਥੋੜ੍ਹੀ,
ਥੋੜ੍ਹੀ- ਥੋੜ੍ਹੀ ਕਰਕੇ ਖਾ ਗਿਆ , ਸਾਰੀ ਧਿੰਗੋਜ਼ੋਰੀ ।
ਦੋਵੇਂ ਬਿੱਲੀਆਂ ਮੂੰਹ ਉਸ ਦੇ ਵੱਲ,
ਤੱਕਦੀਆਂ ਹੀ ਰਹਿ ਗਈਆਂ ,
ਸਾਰੀ ਰੋਟੀ ਬਾਂਦਰ ਨੂੰ ਦੇ, ਖ਼ਾਲੀ ਹੱਥ ਮੁੜ ਪਈਆਂ ।
ਡਾਢੇ ਦਾ ਤਾਂ ਸੱਤੀ -ਵੀਹੀਂ, ਕਹਿੰਦੇ ਸੌ ਹੋ ਜਾਂਦਾ ,
ਮਾੜਾ ਬੰਦਾ ਉਸ ਦੇ ਵੱਸ ਪੈ,
ਕਿਉਂ ਆਪਣੀ ਪੱਤ ਲੁਹਾਉਂਦਾ?

ਸਿਹਤ ਸੰਭਾਲ

# ਸਿਹਤਮੰਦ ਮੁਸਕਾਨ

ਡਾ. ਹਰਪ੍ਰੀਤ ਕੌਰ ਬੀ.ਡੀ.ਐਸ
ਪਿੰਡ ਗਰੇਵਾਲ, ਜ਼ਿਲ੍ਹਾ ਰੂਪਨਗਰ



ਅਕਸਰ ਕਿਹਾ ਜਾਂਦਾ ਹੈ ਕਿ ਜਦੋਂ ਇਨਸਾਨ ਦਿਲੋਂ ਖੁਸ਼ ਹੋਵੇ ਤਾਂ ਉਹ ਖੁਸ਼ੀ ਉਸ ਦੀ ਮੁਸਕਰਾਹਟ ਵਿੱਚ ਝਲਕਦੀ ਹੈ।ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਇਸ ਮੁਸਕਰਾਹਟ ਵਿੱਚ ਕੋਈ ਥੁੜ ਆਵੇ ? ਜੇਕਰ,ਨਹੀਂ ਤਾਂ ਇਸ ਸਾਨੂੰ ਆਪਣੇ ਦੰਦਾਂ ਦੀ ਖਾਸ ਦੇਖ-ਭਾਲ ਕਰਨੀ ਚਾਹੀਦੀ ਹੈ।



• ਅਸੀਂ ਅਕਸਰ ਦੰਦਾਂ ਦੀ ਸਫ਼ਾਈ ਨੂੰ ਨਜ਼ਰਅੰਦਾਜ਼ ਕਰਦੇ ਹਾਂ,ਜਿਸ ਦੇ ਨਤੀਜੇ ਮਾੜੇ ਨਿਕਲਦੇ ਹਨ। ਇਸ ਲਈ ਸਾਨੂੰ ਹੇਠ ਲਿਖੇ ਨੁਕਤਿਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਸਾਡੇ ਦੰਦ ਸਾਫ ਤੇ ਸਿਹਤਮੰਦ ਰਹਿਣ।

• ਸਾਨੂੰ ਦੰਦਾਂ ਦੀ ਸਫਾਈ ਲਈ ਨਰਮ ਬੁਰਸ਼ ਦੀ ਵਰਤੋਂ ਕਰਨੀ ਚਾਹੀਦੀ ਹੈ।

• ਸਾਨੂੰ ਪੂਰੇ ਮੂੰਹ ਦੀ ਸਫਾਈ ਕਰਨੀ ਚਾਹੀਦੀ ਹੈ,ਇਕ ਜਗ੍ਹਾ ਰਗੜ-ਰਗੜ ਕੇ ਬੁਰਸ਼ ਕਰਨ ਨਾਲ ਸਾਡੇ ਦੰਦਾਂ ਦੀ ਉਪਰਲੀ ਪਰਤ ਕੰਮਜ਼ੋਰ ਹੋ ਜਾਂਦੀ ਹੈ।

• ਸਾਨੂੰ ਦਿਨ ਵਿਚ ਦੋ ਵਾਰ ਬੁਰਸ਼ ਕਰਨਾ ਚਾਹੀਦਾ ਹੈ ਅਤੇ ਖਾਣਾ ਖਾਣ ਉਪਰੰਤ ਪਾਣੀ ਨਾਲ ਕੁਰਲਾ ਕਰਨਾ ਚਾਹੀਦਾ ਹੈ।

• ਜੇਕਰ ਅਸੀਂ ਸਹੀ ਢੰਗ ਨਾਲ ਬੁਰਸ਼ ਨਹੀਂ ਕਰਦੇ ਤਾਂ ਸਾਡੇ ਦੰਦਾਂ ਤੇ ਕਰੇੜਾ ਜੰਮਣਾ ਸੁਰੂ ਹੋ ਜਾਂਦਾ ਹੈ। ਜੋ ਕਿ ਬੁਰਸ਼ ਕਰਨ ਨਾਲ ਸਾਫ਼ ਨਹੀਂ ਹੁੰਦਾ ਤੇ ਇਸ ਕਰਕੇ ਸਾਡੇ ਮਸੂੜਿਆ 'ਚ ਸੋਜ਼ਸ ਆ ਜਾਦੀ ਤੇ ਬੁਰਸ਼ ਕਰਨ ਦੌਰਾਨ ਦੰਦਾਂ ਵਿਚ ਖੂਨ ਨਿਕਲਣਾ ਸੁਰੂ ਹੋ ਜਾਂਦਾ ਹੈ। ਇਸ ਲਈ ਸਾਨੂੰ ਹਰ ਛੇ ਮਹੀਨੇ ਬਾਅਦ ਦੰਦਾਂ ਦੇ ਡਾਕਟਰ ਕੋਲੋਂ ਦੰਦਾਂ ਦੀ ਸਾਫ਼ਾਈ ਕਰਵਾਉਣੀ ਚਾਹੀਦੀ ਹੈ।

• ਸਾਨੂੰ ਹਰ ਦੋ-ਤਿੰਨ ਮਹੀਨੇ ਬਾਅਦ ਆਪਣਾ ਬੁਰਸ਼ ਬਦਲਣਾ ਚਾਹੀਦਾ ਹੈ।

• ਇਸ ਦੇ ਨਾਲ ਨਾਲ ਸਾਨੂੰ ਮਾਉਥ ਵਾਸ਼ ਤੇ ਫਲੌਸ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ ਇਸ ਤੋ ਮੂੰਹ ਤੋਂ ਆਉਣ ਵਾਲੀ ਬਦਬੂ ਵੀ ਦੂਰ ਹੋ ਜਾਂਦੀ ਹੈ।

• ਅੱਜ ਕੱਲ੍ਹ ਬਦਲਦੇ ਮੌਸਮ ਦੌਰਾਨ ਦੰਦਾਂ ਵਿਚ ਠੰਢਾ ਤੱਤਾ ਲੱਗਣਾ ਇਕ ਆਮ ਪ੍ਰੇਸ਼ਾਨੀ ਬਣਦਾ ਜਾ ਰਿਹਾ ਹੈ। ਕਈ ਵਾਰ ਇਹ ਦੰਦਾਂ ਦੀ ਕਿਸੇ ਅੰਦਰੂਨੀ ਬਿਮਾਰੀ ਦਾ ਲੱਛਣ ਵੀ ਹੋ ਸਕਦਾ ਹੈ।ਇਸ ਲਈ ਸਾਨੂੰ ਘਰ ਦੇ ਨੁਕਤੇ ਅਪਣਾਉਣ ਨਾਲੋਂ ਦੰਦਾਂ ਦੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਅਤੇ ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ।

• ਸਾਨੂੰ ਆਪਣੇ ਬੱਚਿਆਂ ਦੇ ਦੰਦਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਦੇ ਕੋਲ ਖੜ੍ਹੇ ਹੋ ਸਹੀ ਢੰਗ ਨਾਲ ਬੁਰਸ਼ ਕਰਵਾਉਣਾ ਚਾਹੀਦਾ ਹੈ। ਅਕਸਰ ਮਾਪੇ ਬੱਚਿਆਂ ਦੇ ਦੁੱਧ ਦੇ ਦੰਦਾਂ ਦੀਆਂ ਸਮੱਸਿਆਂ ਜਿਵੇਂ ਕਿ ਕੀੜਾ ਲੱਗਣਾ, ਨੂੰ ਨਜ਼ਰ ਅੰਦਾਜ ਕਰਦੇ ਹਨ। ਪਰ ਸਾਨੂੰ ਇਹ ਸਮਝਣ ਦੀ ਲੋੜ ਕਿ ਸਾਡੇ ਬੱਚਿਆਂ ਦੇ ਪੱਕੇ ਦੰਦਾਂ ਦੀ ਬਣਤਰ ਦੁੱਧ ਦੇ ਦੰਦਾਂ ਤੇ ਨਿਰਭਰ ਕਰਦੀ ਹੈ ਦੁੱਧ ਦੇ ਦੰਦ ਨਾ ਸਿਰਫ ਬੱਚਿਆਂ ਨੂੰ ਖਾਣਾ ਚਬਾਉਣ ਵਿਚ ਮਦਦ ਕਰਦੇ ਹਨ ਪਰ ਆਉਣ ਵਾਲੇ ਦੰਦਾਂ ਨੂੰ ਸਹੀ ਜਗ੍ਹਾ ਵਿਚ ਲਿਆਉਣ ਵਿਚ ਮਦਦ ਵੀ ਕਰਦੇ ਹਨ। ਜੇਕਰ ਦੁੱਧ ਦੇ ਦੰਦ ਸਮੇਂ ਤੋਂ ਪਹਿਲਾਂ ਝੜ ਜਾਣ ਤਾਂ ਪੱਕੇ ਦੰਦਾਂ ਦੀ ਬਣਤਰ ਵਿਗੜ ਜਾਂਦੀ ਹੈ। ਇਸ ਲਈ ਬੱਚਿਆਂ ਦੇ ਦੰਦਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਸਹੀ ਢੰਗ ਨਾਲ ਬੁਰਸ਼ ਕਰਵਾਉਣ ਦੀ ਆਦਤ ਪਾਉਣੀ ਚਾਹੀਦੀ ਹੈ ਤੇ ਉਨ੍ਹਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ।

ਅੰਤ ਵਿਚ ਮੈਂ ਇਹੀ ਕਹਾਂਗੀ ਕਿ ਸਾਨੂੰ ਆਪਣੇ ਦੰਦਾਂ ਦੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ। ਇਸੇ ਲਈ ਸਿਆਣੇ ਸੱਚ ਕਹਿੰਦੇ ਹਨ:

"ਅੱਖਾਂ ਗਈਆਂ ਤਾਂ ਜਹਾਨ ਗਿਆ।
ਦੰਦ ਗਏ ਤਾਂ ਸਵਾਦ ਗਿਆ।"

8284020551

ਜੀਵਨ ਜਾਚ

## ਚੰਗਿਆੜੀ

ਆਮ ਕਰਕੇ ਮਨੁੱਖ ਦਾ ਸੁਭਾਅ ਕੋਸਣ ਤੇ ਲੱਗਿਆ ਰਹਿੰਦਾ ਹੈ। ਕੋਸਣਾ ਔਖਾ ਨਹੀਂ। ਔਖਾ ਤਾਂ ਮਸਲੇ ਨੂੰ ਹੱਲ ਕਰਨਾ ਹੁੰਦਾ ਹੈ। ਹੱਲ ਲੱਭਣ ਦੀ ਉਹੀ ਕੋਸ਼ਿਸ਼ ਕਰਦਾ ਹੈ ਜਿਸ ਦੇ ਅੰਦਰ ਜ਼ਿੰਦਗੀ ਪ੍ਰਤੀ ਮੁਹੱਬਤ ਦੀ ਅੱਗ ਸੁਲਗ ਰਹੀ ਹੋਵੇ। ਕਹਿੰਦੇ-ਪਿਆਰ, ਵਿਸ਼ਵਾਸ, ਸ਼ਾਂਤੀ ਅਤੇ ਆਸ ਦੀਆਂ ਚਾਰ ਮੋਮਬੱਤੀਆਂ ਸਨ। ਤਿੰਨ ਬੁੱਝ ਗਈਆਂ। ਪਿਆਰ ਕਿੱਥੇ ਹੈ? ਵਪਾਰ ਬਣ ਗਿਆ ਹੈ। ਵਿਸ਼ਵਾਸ ਕਿੱਥੇ ਹੈ ? ਨਾਸ਼ ਹੋ ਗਿਆ ਹੈ। ਸ਼ਾਂਤੀ ਕਿੱਥੇ ਹੈ? ਚੌਥੀ ਮੋਮਬੱਤੀ ਨੇ ਕਿਹਾ, 'ਅਜੇ ਆਸ ਬਾਕੀ ਹੈ।' ਇਸ ਸਹਾਰੇ ਬੁੱਝੀਆਂ ਹੋਈਆਂ ਮੋਮਬੱਤੀਆਂ ਵੀ ਜਗ ਸਕਦੀਆਂ ਹਨ। ਜੀਣ ਦੇ ਪਲਾਂ ਨੂੰ ਮੁਰਦਾ ਕਿਉਂ ਬਣਾਇਆ ਜਾਵੇ ? ਪਾਸ਼ ਦੇ ਸ਼ਬਦਾਂ ਵਿੱਚ - "ਸਭ ਤੋਂ ਖ਼ਤਰਨਾਕ ਹੁੰਦਾ ਹੈ ਮੁਰਦਾ ਸ਼ਾਂਤੀ ਨਾਲ ਭਰ ਜਾਣਾ।" ਜਿਉਂਦੇ ਜੀਅ ਬੁਝਣਾ ਗੁਨਾਹ ਹੈ।

ਜ਼ਿੰਦਗੀ ਦੀ ਖੇਡ ਖੇਡਣ ਲਈ ਤਪਸ਼ ਦੀ ਲੋੜ ਹੈ। ਆਓ! ਇਨ੍ਹਾ ਲੇਖਾਂ ਵਿੱਚੋਂ ਸੁਲਗਦਾ ਅੰਗਿਆਰ ਲੱਭ ਕੇ ਜ਼ਿੰਦਗੀ ਦੀ ਮਸ਼ਾਲ ਜਗਾ ਕੇ ਉਸ ਨੂੰ ਜੀਣ ਦੀ ਸ਼ਾਨ ਦੇ ਅਨੁਕੂਲ ਰੱਖੀਏ। -ਯਸ਼ਪਾਲ ਮਾਨਵੀ

ਕਹਾਣੀ

# ਗੰਗਾ

ਭੁਪਿੰਦਰ ਸਿੰਘ
ਆਈ.ਏ.ਐੱਸ. (ਰਿਟਾ.)



ਪਾਲਤੂ ਜਾਨਵਰ ਰੱਖਣ ਦਾ ਸ਼ੌਕ ਮੈਂ ਕਦੇ ਨਹੀਂ ਪਾਲਿਆ ।ਪੰਛੀਆਂ ਨੂੰ ਕੈਦ ਕਰਨ ਦਾ ਕਦੀ ਵੀ ਨਹੀਂ ਪਰ ਬੱਚਿਆਂ ਦੇ ਹਠ ਮੂਹਰੇ ਕੌਣ ਅੜੇ। ਪੀਹੜੀ ਦੇ ਫ਼ਰਕ ਨੂੰ ਸਵੀਕਾਰ ਕਿਵੇਂ ਨਾ ਕੀਤਾ ਜਾਵੇ। ਵਡੇਰੇ ਸਦਾ ਝੁਕਦੇ ਆਏ। ਜਿੱਤ ਸਦਾ ਨਵੇਂ ਪੋਚ ਦੀ ਹੁੰਦੀ ਆਈ। ਕੁੱਤਾ ਰੱਖਣ ਦੀ ਪ੍ਰੇਰਨਾ ਦਾ ਮੈਂ ਸਦਾ ਵਿਰੋਧ ਕਰਦਾ ਰਿਹਾ।

" ਪਾਪਾ, ਅਸੀਂ ਕੁੱਤਾ ਲਵਾਂਗੇ ਜਰਮਨ ਸ਼ੈਫਰਡ।"

"ਨਾ ਬੇਟਾ, ਹਲਕਿਆ ਕੁੱਤਾ ਕਿਸੇ ਨੂੰ ਵੱਢ ਜਾਏ ਤਾਂ ਉਹ ਬੰਦਾ ਵੀ ਹਲਕ ਜਾਂਦੈ ਤੇ ਬੜੀ ਤਰਸਯੋਗ ਮੌਤੇ ਮਰਦਾ ਐ ਓਹ।"

ਅੱਜ ਕੱਲ੍ਹ ਤਾਂ ਪਾਪਾ ਟੀਕੇ ਲੁਆ ਲਈਏ ਤਾਂ ਕੁੱਤਾ ਹਲਕਦਾ ਈ ਨਹੀਂ। ਬੱਚੇ ਨੂੰ ਪੂਰਾ ਵਿਸ਼ਵਾਸ ਸੀ ਅਜੋਕੀ ਥਰੈਪੀ ਤੇ।

"ਮੰਨਿਆ ਕਰਦੇ ਐਂ ਪੁੱਤਰ। ਸਧਾਰਨ ਕੁੱਤਾ ਵੀ ਵੱਢ ਜਾਏ ਤਾਂ ਚੌਦਾਂ ਟੀਕੇ ਲੱਗਦੇ ਨੇ। ਉਹ ਵੀ ਢਿੱਡ ਵਿਚ।" ਮੈਂ ਡਰਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਮੇਰੀ ਹੀ ਖਿੱਲੀ ਉੜਾ ਦਿੱਤੀ।

"ਪਾਪਾ ਟੀਕਿਆਂ ਤੋਂ ਡਰ ਗਏ। ਡਰਪੋਕ ਪਾਪਾ।"

"ਕਾਕਾ, ਮੈਂ ਟੀਕਿਆਂ ਤੋਂ ਨਹੀਂ ਡਰਦਾ ਲੋਕਾਂ ਤੋਂ ਡਰਦਾਂ। ਸਭ ਮੇਰੇ ਵੱਲ ਉਂਗਲਾਂ ਕਰਕੇ ਕਿਹਾ ਕਰਨਗੇ ਕਿ ਉਹ ਜਾਂਦਾ ਕੁੱਤੇ ਦਾ ਵੱਢਿਆ।" ਮੈਂ ਗੱਲ ਹਾਸੇ ਪਾਉਣੀ ਚਾਹੀ ਪਰ ਉਨ੍ਹਾਂ ਗੱਲ ਭੁੰਜੇ ਡਿੱਗਣ ਈ ਨਾ ਦਿੱਤੀ।

"ਕੁੱਤਾ ਬੜਾ ਵਫਾਦਾਰ ਜਾਨਵਰ ਐ। ਬੜੀ ਪਛਾਣ ਹੁੰਦੀ ਐ ਆਪਣੇ ਬੰਦਿਆਂ ਦੀ। ਘਰ ਦੇ ਮਾਲਕ ਨੂੰ ਤਾਂ ਵੱਢਦਾ ਈ ਨਹੀਂ। ਕਿੰਨਾ ਵੀ ਪਾਗਲ ਹੋ ਜਾਏ ਦੂਰੋਂ ਚਾਲ ਪਛਾਣ ਲੈਂਦਾ ਹੈ।"

"ਦੇਖੋ ਪੁੱਤਰ ਜੀ, ਮੈਂ ਜਾਣਾ ਹੁੰਦਾ ਹੈ ਕਦੀ ਕਦੀ ਡਿਨਰ ਪਾਰਟੀ 'ਤੇ। ਦੋ ਪੈਗ ਲਾਏ ਹੋਣ ਤਾਂ ਚਾਲ-ਢਾਲ ਵਿਚ ਫ਼ਰਕ ਤਾਂ ਆਉਣਾ ਈ ਹੋਇਆ। ਕਿੱਧਰੇ ਐਲੀ ਐਲੀ ਕਰ ਕੇ ਪੈ ਗਿਆ ਤਾਂ ਮੇਰੀ ਤਾਂ ਫੀਤੀ ਫੀਤੀ ਕਰ ਦਊ।"

ਪਤਾ ਨਹੀਂ ਮੇਰੀ ਦਲੀਲ ਉਨ੍ਹਾਂ ਦੇ ਮਨ ਲਗ ਗਈ ਜਾਂ ਇਸ ਵਿਚ ਵੀ ਸਿਆਸਤ ਸੀ ਕੋਈ। ਬੱਚੇ ਕੁੱਤਾ ਛੱਡ ਕੇ ਤੋਤੇ 'ਤੇ ਆ ਟਿਕੇ। ਮੈਂ ਹਾਰ ਮੰਨ ਲਈ। ਹਠ ਜਿੱਤ ਗਿਆ।

ਤੋਤਾ ਕਿਹੜਾ ਦੀਵੇ ਨਾਲ ਟੋਲ੍ਹਣ ਜਾਣਾ ਸੀ। ਦੇਖੀ ਬੈਠੇ ਸੀ ਪਹਿਲਾਂ ਈ ਕਿਸੇ ਬੁੱਢੇ ਰੁੱਖ ਦੀ ਖੋੜ ਵਿਚ। ਨਿੱਕਾ ਬੱਚਾ ਈ ਸੀ ਅਜੇ। ਮਸਾਂ ਕੁਝ ਦਿਨਾਂ ਦਾ। ਹਰੀ ਹਰੀ ਲੂਈ ਖੰਭ ਨਹੀਂ ਸੀ ਬਣੀ ਅਜੇ। ਊਂ ਸੋਹਣਾ ਸੀ ਦੇਖਣ ਪਾਖਣ ਨੂੰ।ਜਗਦੀਆਂ ਅੱਖਾਂ ਨਾਲ ਚਾਰੇ ਪਾਸੇ ਝਾਕਦਾ ।ਚੌਗਿਰਦੇ ਨੂੰ। ਆਲੇ ਦੁਆਲੇ ਨੂੰ। ਜੋ ਉਸ ਪਹਿਲਾਂ ਕਦੀ ਨਹੀਂ ਸੀ ਦੇਖਿਆ। ਇਕ ਨਵਾਂ ਤਜਰਬਾ। ਬੱਚੇ ਆਪਣੀਆਂ ਸੋਹਲ ਨਾਜ਼ੁਕ ਉਂਗਲੀਆਂ ਨਾਲ ਉਹਦੀ ਚੁੰਝ ਵਿਚ ਚੋਗ ਚੁਗਾਉਂਦੇ।ਬੜੀ ਹੱਛੀ ਗਿਜ਼ਾ ਮਿਲਦੀ ਉਹ ਨੂੰ। ਸਵਾਦ ਵੀ ਤੇ ਪੌਸ਼ਟਿਕ ਵੀ। ਦਿਨਾਂ ਵਿਚ ਈ ਉਹ ਉਡਾਰੂ ਹੋ ਗਿਆ। ਬੱਚੇ ਆਪਣੇ ਮਾਸੂਮ ਪੋਟੇ ਓਹਦੀ ਚੁੰਝ ਖੋਲ੍ਹ ਕੇ ਵਿਚ ਪਾ ਦਿੰਦੇ ਪਰ ਉਹ ਸਭ ਨੂੰ ਆਪਣੀ ਜੀਭ ਨਾਲ ਪਿਆਰ ਦਿੰਦਾ ਰਹਿੰਦਾ।

ਅਜੀਬ ਬਹਿਸ ਛਿੜ ਪਈ ਇਕ ਦਿਨ। ਇਹ ਤੋਤਾ ਹੈ ਕਿ ਤੋਤੀ। ਮੈਂ ਕਿਹਾ, "ਇਹਨੂੰ ਈ ਪੁੱਛ ਲਓ। ਜੇ ਗੰਗਾ ਰਾਮ ਕਹੇ ਤਾਂ ਤੋਤਾ ਜੇ ਗੰਗਾ ਕਹੇ ਤਾਂ ਤੋਤੀ।"

"ਇਹਨੂੰ ਕਿਹੜਾ ਬੋਲਣਾ ਆਉਂਦਾ।" ਸਭ ਹੱਸ ਪਏ। ਆਖਰ ਪਤਾ ਕਰਾਇਆ।ਇਹਦਾ ਨਾਉਂ ਗੰਗਾ ਧਰ ਦਿੱਤਾ।

ਪੰਛੀਆਂ ਦੀ ਦੁਨੀਆਂ ਵਿਚ ਕੁਦਰਤ ਨੇ ਸੁਹੱਪਣ ਕੇਵਲ ਨਰ ਪੰਛੀਆਂ ਨੂੰ ਦਿੱਤਾ। ਰੰਗ ਬਰੰਗਾ ਤੇ ਪੂਰੀ ਸ਼ਾਨ ਆਕੜ ਵਾਲਾ ਮੁਰਗਾ। ਨੀਲਾਂਬਰੀ ਪੈਲਾਂ ਪਾਉਂਦਾ, ਕਲਗੀ ਵਾਲਾ ਸ਼ਹਿਨਸ਼ਾਹ ਮੋਰ। ਗਲ ਵਿਚ ਗਾਨੀ ਤੇ ਚੰਚਲਤਾ ਦਾ ਪ੍ਰਤੀਕ ਚਿੜਾ। ਪਰ ਗੰਗਾ ਮਾਦਾ ਹੁੰਦੀ ਹੋਈ ਵੀ ਬਹੁਤ ਖ਼ੂਬਸੂਰਤ ਸੀ ਹਰੀ ਕਚੂਰ। ਮਾਣ ਮੱਤੀ। ਦਾਨੀ-ਬੀਬੀ ਜਿਹੀ। ਦਸ ਲੱਖ 'ਚੋਂ ਇਕ। ਦੂਰੋਂ ਪਛਾਣੀ ਜਾਂਦੀ। ਜਿਉਂ ਜਿਉਂ ਵੱਡੀ ਹੁੰਦੀ ਜਾਂਦੀ- ਸੋਹਣੀ ਨਿਕਲਦੀ ਆਉਂਦੀ।

ਪਤਾ ਨਹੀਂ ਮਨੁੱਖਾਂ ਦੀ ਭਾਸ਼ਾ ਉਸ ਕਿਵੇਂ ਸਿੱਖ ਲਈ। ਜਦੋਂ ਵੀ ਮੈਂ ਘਰੋਂ ਬਾਹਰ ਜਾਂਦਾ ਬੜੇ ਤਪਾਕ ਨਾਲ ਕਹਿੰਦੀ,"ਪਾਪਾ"।

"ਹਾਂ ਪੁੱਤਰ" ਮੈਂ ਸਿਰ 'ਤੇ ਪਿਆਰ ਦਿੰਦਾ। ਕੁਝ ਖਾਣ ਨੂੰ ਵੀ। ਸ਼ਾਮੀਂ ਘਰ ਆਉਂਦਾ ਤਾਂ ਮੇਰੀ ਪਤਨੀ ਵਾਂਗ ਈ ਮੈਨੂੰ ਪੁੱਛਦੀ।

"ਪਾਪਾ, ਲੇਟ ਹੋ ਗਏ।"

ਮੈਂ ਖਿੱਝ ਕੇ ਕਹਿੰਦਾ। ਲੈ ਘਰ ਵਿਚ ਇਕ ਹੋਰ ਆ ਗਈ, ਮੇਰੀ ਤਪਤੀਸ਼ ਕਰਨ ਵਾਲੀ।

ਜਦੋਂ ਭੁੱਖ ਲੱਗਦੀ ਬੜੇ ਮੋਹ ਨਾਲ ਕਹਿੰਦੀ, "ਮੰਮੀ ਚੂਰੀ ਖਾਣੀ ਐ।"

"ਖਾਹ ਆਪਣੇ ਪਿਓ ਨਾਲ ਈ ਜਿਨ੍ਹਾਂ ਤੈਨੂੰ ਰੱਖਿਆ।"

ਮੇਰੀ ਪਤਨੀ ਡਾਈਨਿੰਗ ਟੇਬਲ 'ਤੇ ਓਹਨੂੰ ਮੇਰੇ ਕੋਲ ਬਠਾ ਦਿੰਦੀ ਤੇ ਨਾਲ ਧਰ ਦਿੰਦੀ ਦੇਸੀ ਘਿਓ ਦੀ ਚੂਰੀ। ਮੇਰੇ ਹੱਥਾਂ ਤੋਂ ਉਹ ਚੁਗਦੀ ਰਹਿੰਦੀ। ਨਾਲੇ ਘੇਰੀਆਂ ਪਾਈ ਜਾਂਦੀ।

ਕਦੀ ਕਦੀ ਬੱਚੇ ਉਹਨੂੰ ਪਿੰਜਰੇ ਤੋਂ ਬਾਹਰ ਵੀ ਕੱਢ ਦਿੰਦੇ ਕਮਰੇ ਵਿਚ। ਉਹ ਬਾਹਰ ਉਡਾਰੀ ਨਾ ਮਾਰਦੀ। ਟਹਿਲਦੀ ਰਹਿੰਦੀ ਕਮਰੇ ਵਿਚ। ਸਾਰਾ ਘਰ ਜਿਵੇਂ ਓਹਦੀ ਮਲਕੀਅਤ ਸੀ। ਫੇਰ ਆਪਣੇ ਆਪ ਪਿੰਜਰੇ ਵਿਚ ਚਲੀ ਜਾਂਦੀ ਜਾਂ ਕਿਸੇ ਕੁਰਸੀ 'ਤੇ ਸੱਜ ਕੇ ਬੈਠ ਜਾਂਦੀ ।

ਸਿਆਲ ਦੀਆਂ ਠਰੀਆਂ ਰਾਤਾਂ। ਅਸੀਂ ਅੰਦਰੀਂ ਪਏ ਹੁੰਦੇ। ਦਰਵਾਜ਼ੇ ਤਾਕੀਆਂ ਸਭ ਬੰਦ। ਇਕ ਮੱਧਮ ਜਿਹੀ ਬੱਤੀ ਜੱਗਦੀ ਹੁੰਦੀ। ਤੜਕਸਾਰ ਗੰਗਾ ਮੈਨੂੰ ਜਗਾ ਦਿੰਦੀ। ਮੈਂ

ਪਿੰਜਰੇ ਦੀ ਤਾਕੀ ਖੋਲ੍ਹ ਦਿੰਦਾ ਠੁਮਕ ਠੁਮਕ ਪੈਰ ਧਰਦੀ ਉਹ ਸਾਰੇ ਕਮਰੇ ਵਿਚ ਤੁਰੀ ਫਿਰਦੀ। ਦੀਨ ਦੁਨੀਆਂ ਤੋਂ ਬੇਖਬਰ। ਮੇਰੀ ਕਿਸੇ ਗੱਲ ਦੀ ਉਹਨੂੰ ਸਮਝ ਨਹੀਂ ਸੀ ਆਉਂਦੀ। ਪਰ ਉਹ ਹੁੰਗਾਰਾ ਪੂਰਾ ਦਿੰਦੀ।

"ਗੰਗਾ।"

"ਪਾਪਾ।"

"ਬਹੁਤ ਵਧੀਆ ਟੁਰਦੀ ਏ ਤੂੰ।"

"ਪਾਪਾ।"

"ਮਟਕ ਹੁਲਾਰਾ ਐ ਤੇਰੀ ਟੋਰ ਵਿਚ।"

"ਪਾਪਾ।"

"ਇੰਨੀ ਸੋਹਣੀ ਨਾ ਲਗਿਆ ਕਰ।"

"ਪਾਪਾ।"

"ਤੈਨੂੰ ਨਜਰ ਲੱਗ ਜਾਊ ਕਿਸੇ ਬੇਈਮਾਨ ਦੀ।"

"ਪਾਪਾ।"

"ਤੂੰ ਤਾਂ ਇਉਂ ਟੁਰੀਂ ਫਿਰਦੀ ਏਂ ਜਿਵੇਂ ਇਹ ਘਰ ਤੇਰਾ ਈ ਹੁੰਦਾ ਹੈ।"

"ਪਾਪਾ।"

"ਇਹ ਘਰ ਤੇਰਾ ਨਹੀਂ ਗੰਗਾ।"

"ਪਾਪਾ।"

ਕੇਵਲ ਮੇਰੀ ਬਾਂਹ ਤੇਰੀ ਐ।"

"ਪਾਪਾ।"

"ਆ ਜਾ ਬਾਂਹ 'ਤੇ।"

ਉਹ ਉਡਾਰੀ ਮਾਰ ਕੇ ਮੇਰੇ ਡੌਲੇ 'ਤੇ ਆ ਬੈਠਦੀ। ਪੈਲਾਂ ਪਾਉਂਦੀ। ਘੁਮੇਰ ਪਾਉਂਦੀ। ਕਦੀ ਕੂਹਣੀ ਵਾਲੇ ਪਾਸੇ ਨੂੰ। ਕਦੀ ਮੋਢੇ ਵਾਲੇ ਪਾਸੇ। ਫੇਰ ਡੌਲੇ 'ਤੇ ਸਿਰ ਰੱਖ ਕੇ ਨਿਠ ਕੇ ਬੈਠ ਜਾਂਦੀ। ਹਰ ਪਾਸਿਓਂ ਬੇਫਿਕਰ। ਨਿਰਭਓ। ਮੈਂ ਰਜ਼ਾਈ ਉਸ 'ਤੇ ਸਰਕਾ ਦਿੰਦਾ। ਜਦੋਂ ਪਿਆਰ ਤੇ ਨਿੱਘ ਨਾਲ ਉਹਦਾ ਦਿਲ ਭਰ ਜਾਂਦਾ ਉਹ ਆਪਣੇ ਆਪ ਉੱਠ ਕੇ ਚਲੀ ਜਾਂਦੀ ਆਪਣੇ ਪਿੰਜਰੇ ਵੱਲ।

ਕਦੀ ਕਦੀ ਦਿਨ ਵੇਲੇ ਜਦੋਂ ਦਰਵਾਜ਼ਾ ਬੰਦ ਕਰ ਕੇ ਉਹਨੂੰ ਖੁੱਲ੍ਹੀ ਛੱਡ ਦਿੰਦੇ, ਉਹ ਮੇਰੇ ਮੋਢੇ 'ਤੇ ਆ ਬੈਠਦੀ।

"ਗੰਗਾ।"

"ਪਾਪਾ।"

"ਹਟ ਕੰਮ ਕਰਨ ਦੇ ਨਾ।"

"ਪਾਪਾ।"

"ਤੂੰ ਤਾਂ ਮੇਰਾ ਮੋਢਾ ਛਿੱਲ ਦਿੱਤਾ।"

"ਪਾਪਾ।"

"ਚੱਲ ਆਪਣੇ ਪਿੰਜਰੇ ਵਿਚ।"

ਪਿੰਜਰੇ ਦਾ ਨਾਂ ਸੁਣ ਕੇ ਉਹ ਦਹਿਲ ਜਾਂਦੀ ਤੇ ਮੇਰੀ ਗਰਦਨ ਨਾਲ ਲੱਗ ਕੇ ਸ਼ਹਿ ਕੇ ਬੈਠ ਜਾਂਦੀ ਪਰ ਬੋਲਦੀ ਕੁਝ ਨਾ। ਮੈਨੂੰ ਵਿਸ਼ਵਾਸ ਹੋ ਗਿਆ ਗੰਗਾ ਹੁਣ ਕਿਧਰੇ ਨਹੀਂ ਜਾਵੇਗੀ।

ਉਹ ਮੇਰੇ ਮੋਢੇ 'ਤੇ ਸੀ। ਮੈਂ ਤਾਕੀ ਖੋਲ੍ਹੀ ਤੇ ਉਸ ਨਾਲ ਗੱਲਾਂ ਕਰਨ ਲੱਗ ਪਿਆ।

"ਉਹ ਦੇਖ ਗੰਗਾ ਹਰਿਆ ਭਰਿਆ ਨਿੰਮ ਦਾ ਰੁੱਖ। ਕਿੰਨੀ ਸੰਘਣੀ ਛਾਂ ਐ ਓਹਦੀ। ਪੰਛੀਆਂ ਦੇ ਉਡਣ ਬੈਠਣ ਲਈ। ਕਿੰਨੀ ਪਿਆਰੀ ਹਰੇਵਾਈ। ਪੰਛੀ ਤਰ੍ਹਾਂ ਤਰ੍ਹਾਂ ਦੀਆਂ ਬੋਲੀਆਂ ਬੋਲਦੇ। ਨਮੋਲੀਆਂ ਖਾਂਦੇ ਆਪਣੇ ਆਲ੍ਹਣੇ ਸਜਾਉਂਦੇ। ਆਪਣੇ ਉਜਲੇ ਭਵਿੱਖ.........।"

ਮੇਰੀਆਂ ਗੱਲਾਂ ਅੱਧ-ਵਿਚਾਲੇ ਈ ਸਨ ਕਿ ਗੰਗਾ ਬਿਨਾਂ ਹੁੰਗਾਰਾ ਦਿੱਤਿਆ ਉਡਾਰੀ ਮਾਰ ਗਈ। ਤਲਾਸ਼ ਕਰਨ 'ਤੇ ਵੀ ਨਾ ਮਿਲੀ। ਬੱਚਿਆਂ ਨੇ ਉਹਦਾ ਨਾਂ ਲੈ ਲੈ ਕੇ ਵੀ ਬੁਲਾਇਆ ਪਰ ਉਤਰ ਕੋਈ ਨਾ।

ਸ਼ਾਮੀਂ ਗੰਗਾ ਆਪਣੇ ਆਪ ਪਰਤ ਆਈ। ਕਈ ਥਾਵਾਂ ਤੋਂ ਖੰਭ ਨੋਚੇ ਹੋਏ। ਵਿਚੋਂ ਖ਼ੂਨ ਰਿਸਦਾ। ਸ਼ਾਇਦ ਉਹਨੂੰ ਪੰਛੀਆਂ ਦੀ ਭਾਸ਼ਾ ਨਹੀਂ ਸੀ ਆਉਂਦੀ। ਜਾਂ ਉਹਦੀ ਭਾਸ਼ਾ ਓਪਰੀ ਸੀ। ਰੱਬ ਜਾਣੇ ਕਿਸ ਗੱਲੋਂ ਨੋਕ ਝੋਂਕ ਹੋ ਗਈ।

ਸਾਰੀ ਰਾਤ ਅਸੀਂ ਦਵਾਈਆਂ ਦੇ ਲੇਪ ਕਰਦੇ ਰਹੇ। ਚੂਰੀ ਕੁੱਟ ਕੇ ਵੀ ਦਿੱਤੀ। ਰੁੱਸੀ ਨੂੰ ਮਨਾਇਆ ਵੀ ਬਹੁਤ ਪਰ ਗੰਗਾ ਪਤਾ ਨਹੀਂ ਕੀ ਸੋਚਦੀ ਰਹੀ। 'ਕਿਸ ਦੁਨੀਆਂ ਵਿਚ ਗੁਆਚ ਗਈ ਉਹ। ਐਸੀ ਰੁੱਸੀ ਕਿ ਮੰਨੀ ਈ ਨਾ। ਸਗੋਂ ਗੱਲ ਕਰਿਆ ਖਿੱਝਣ ਲੱਗ ਪਈ।

'ਕਿਸੇ ਪੰਛੀ ਨੂੰ ਕੈਦ ਕਿਉਂ ਕਰਨਾ ਹੋਇਆ। ਮੈਂ ਸੋਚਿਆ। ਉਸ ਦੋਵੇਂ ਜੱਗ ਦੇਖ ਲਏ ਸਨ। ਸਾਡੇ ਕੋਲ ਰਹਿਣਾ ਤਾਂ ਜੀ ਸਦਕੇ। ਉੱਡ ਜਾਣਾ ਤਾਂ ਵੀ ਉਹਦੀ ਖੁਸ਼ੀ।

"ਗੰਗਾ।"

"ਪਾਪਾ।" ਉਸ ਰੋਣੀ ਜਿਹੀ ਆਵਾਜ਼ ਨਾਲ ਕਿਹਾ।

"ਆ ਮੇਰੇ ਮੋਢੇ 'ਤੇ।" ਮੈਂ ਪੂਰੇ ਮੋਹ ਪਿਆਰ ਨਾਲ ਦਿਲਬਰੀ ਦਿੱਤੀ। ਉਹ ਮੋਢੇ 'ਤੇ ਆ ਬੈਠੀ। ਮੈਂ ਦਰਵਾਜ਼ਾ ਖੋਲ੍ਹਿਆ ਤੇ ਪੁਚਕਾਰ ਕੇ ਓਹਨੂੰ ਕਿਹਾ।

"ਗੰਗਾ ਦੇਖ, ਇਕ ਪਾਸੇ ਇਹ ਨਿੱਕਾ ਜਿਹਾ ਕਮਰਾ ਐ। ਕਮਰੇ ਦੀ ਘੁਟਣ ਕੈਦਾਂ। ਬੰਦਸ਼ਾਂ। ਮਜਬੂਰੀਆਂ। ਬਾਹਰ ਖੁੱਲ੍ਹੀ ਫਿਜ਼ਾ ਹੈ। ਰੁੱਖ ਨੇ, ਉਡਾਰੀਆਂ ਤੇ ਖੁੱਲ੍ਹਾਂ ਨੇ। ਜਿਹੜੀ ਜ਼ਿੰਦਗੀ ਤੇਰੇ ਮਨ ਭਾਵੇਂ ਪਸੰਦ ਕਰ ਲੈ।"

ਗੰਗਾ ਨੇ ਮੇਰੀ ਵੱਲ ਦੇਖਿਆ, ਫੇਰ ਕਮਰੇ ਤੇ ਆਪਣੇ ਤੇ ਪਿੰਜਰੇ ਵੱਲ ਝਾਤੀ ਮਾਰੀ। ਬਾਹਰ ਵੱਡੇ ਨਿੰਮ ਦੇ ਰੁੱਖ ਵੱਲ ਵੀ ਤੇ ਹਲਕੇ ਨੀਲੇ ਆਕਾਸ਼ ਵੱਲ ਵੀ। ਉਸ ਬਾਹਰ ਦੀ ਜ਼ਿੰਦਗੀ ਤੋਂ ਮੂੰਹ ਮੋੜ ਲਿਆ ਤੇ ਮੇਰੇ ਗਲ ਨਾਲ ਜੁੜ ਗਈ ਤੇ ਆਪਣੀ ਮੋਟੀ ਜਿਹੀ ਜੀਭ ਨਾਲ ਪਿਆਰ ਕਰਨ ਲੱਗੀ। ਮੈਂ ਓਹਨੂੰ ਪਿਆਰ ਕਰਨ ਲੱਗਾ।ਬੋਲਿਆ ਕੁਝ ਨਾ। ਮੇਰੇ ਪਿਆਰ ਕਰਦਿਆਂ ਉਸ ਫੇਰ ਬਾਹਰ ਵਨੀ ਦੇਖਿਆ। ਹਰੇ ਕਚੂਰ ਨਿੰਮ ਦੇ ਰੁੱਖ ਵੱਲ। ਨਿੰਮ ਦੀ ਡਾਲ 'ਤੇ ਬੈਠੇ ਇਕ ਤੋਤੇ ਵੱਲ ਜੋ ਪਤਾ ਨਹੀਂ ਕਦੋਂ ਦਾ ਉਹਦੀ ਉਡੀਕ ਵਿਚ ਬੈਠਾ ਸੀ। ਫੇਰ ਬਿਨ੍ਹਾਂ ਕੁਝ ਬੋਲਿਆਂ ਓਹ ਉੱਡ ਗਈ ਤੇ ਕਦੀ ਵਾਪਸ ਨਾ ਆਈ।

ਅਜ਼ੀਮ ਫਿਜ਼ਾ ਤੋਂ ਵੀ ਵਿਸ਼ਾਲ ਮੇਰੀ ਗੰਗਾ
ਗੰਗਾ ਤੋਂ ਵੀ ਪਵਿੱਤਰ ਮੇਰੀ ਗੰਗਾ।

ਅਦੁੱਤੀ ਬਲੀਦਾਨ ਦਾ ਪ੍ਰਤੀਕ

# ਵੱਡਾ ਘੱਲੂਘਾਰਾ, ਪੰਜ ਫਰਵਰੀ, 1762 ਈ:

ਸ. ਸੁੱਚਾ ਸਿੰਘ
ਲਸਾੜਵੀ

ਅਹਿਮਦ ਸ਼ਾਹ ਅਬਦਾਲੀ ਆਪਣੇ ਜ਼ਮਾਨੇ ਦਾ ਏਸ਼ੀਆ ਦਾ ਸ਼੍ਰੋਮਣੀ ਜਰਨੈਲ ਸੀ। ਉਸ ਨੇ ਪੰਜਾਬ ਅਤੇ ਭਾਰਤ ਉੱਤੇ ਅੱਠ ਹਮਲੇ ਕੀਤੇ ਅਤੇ ਹਰ ਵਾਰ ਉਹ ਪੰਜਾਬ ਦੀ ਨਵਾਬੀ ਅਤੇ ਦਿੱਲੀ ਦੀ ਮੁਗਲ ਸ਼ਾਹੀ ਨੂੰ ਲੁੱਟਦਾ ਤੇ ਨੇਸਤੋਂ ਨਾਬੂਦ ਕਰਦਾ ਰਿਹਾ। ਪੰਜਵੇਂ ਹਮਲੇ ਵਿਚ ਉਸ ਨੇ ਦੱਖਣ ਦੀ ਮਹਾਨ ਤਾਕਤ ਮਰਹੱਟਿਆਂ ਨੂੰ ਪਾਣੀਪਤ ਦੀ ਤੀਜੀ ਲੜਾਈ 13 ਜਨਵਰੀ, 1761 ਵਿੱਚ ਲੱਕ-ਤੋੜਵੀਂ ਹਾਰ ਦਿੱਤੀ ਅਤੇ ਸਦਾ ਵਾਸਤੇ ਉਨ੍ਹਾਂ ਦੀ ਤਾਕਤ ਨੂੰ ਕੁਚਲ ਦਿੱਤਾ। ਜਦੋਂ ਅਬਦਾਲੀ ਵਾਪਸ ਪੰਜਾਬ ਦੇ ਰਸਤੇ ਆਪਣੇ ਦੇਸ਼ ਵੱਲ ਕਾਬਲ ਜਾ ਰਿਹਾ ਸੀ ਤਾਂ ਖਾਲਸੇ ਨੇ ਆਪਣੀ ਰੀਤ ਅਨੁਸਾਰ ਅਫ਼ਗਾਨਾਂ ਦਾ ਬਹੁਤ ਸਾਰਾ ਲੁੱਟ ਦਾ ਸਾਮਾਨ ਖੋਹ ਲਿਆ। ਆਪਣੇ ਉਚੇ ਆਚਰਣ ਦੀ ਮਿਸਾਲ ਦਿੰਦੇ ਹੋਏ ਇਨ੍ਹਾਂ ਅਣਖੀ ਸਿੱਖਾਂ ਨੇ 2200 ਹਿੰਦੂ ਇਸਤ੍ਰੀਆਂ ਜਿਨ੍ਹਾਂ ਨੂੰ ਪਠਾਣ ਬੰਦੀ ਬਣਾ ਕੇ ਕਾਬਲ ਲਿਜਾ ਰਹੇ ਸਨ, ਉਨ੍ਹਾਂ ਦੇ ਕਬਜੇ ਵਿਚੋਂ ਛੁਡਾਅ ਲਈਆਂ ਅਤੇ ਉਨ੍ਹਾਂ ਨੂੰ ਘਰੋਂ-ਘਰੀਂ ਪਹੁੰਚਾਇਆ।

ਅਹਿਮਦ ਸ਼ਾਹ ਨੂੰ ਸਿੱਖਾਂ ਦੀ ਬਹਾਦਰੀ, ਦਲੇਰੀ ਤੇ ਨਿਰਭੈਤਾ ਨੂੰ ਦੇਖ ਕੇ ਬਹੁਤ ਗੁੱਸਾ ਆਇਆ ਅਤੇ ਉਸ ਨੇ ਅਗਲੇ ਹਮਲੇ 1761 ਈਸਵੀਂ ਤੋਂ 1767 ਈਸਵੀਂ ਤੱਕ ਸਿਰਫ ਸਿੱਖਾਂ ਦੀ ਤਾਕਤ ਕੁਚਲਣ ਲਈ ਕੀਤੇ ਸਨ। ਇਹ ਕਾਲ ਸਿੱਖਾਂ ਅਤੇ ਅਫਗਾਨਾਂ ਦਾ ਸੰਘਰਸ਼ ਕਾਲ ਸੀ। ਪਰ ਖਾਲਸੇ ਦੀ ਗੁਰੀਲਾ ਜੰਗ ਨੇ ਅਬਦਾਲੀ ਦੇ ਉਹ ਦੰਦ ਖੱਟੇ ਕੀਤੇ ਕਿ ਆਪਣਾ ਸਾਰਾ ਤਾਣ ਲਾਉਣ ਦੇ ਬਾਵਜੂਦ ਉਹ ਇਨ੍ਹਾਂ ਗੁਰੀਲਿਆਂ ਨੂੰ ਖ਼ਤਮ ਕਰਨੋਂ ਅਸਮੱਰਥ ਰਿਹਾ। ਉਸ ਦਾ ਹਿੰਦੁਸਤਾਨ ਦੀ ਸਲਤਨਤ ਦਾ ਨਿਸ਼ਾਨਾ ਸੁਪਨਾ ਹੀ ਰਿਹਾ।

ਡਾਕਟਰ ਐਨ.ਕੇ. ਸਿਨਹਾ ਅਨੁਸਾਰ," ਇਹ ਸਿੱਖ ਇਤਿਹਾਸ ਦਾ ਸਭ ਤੋਂ ਵੱਧ ਗੌਰਵਮਈ ਅਧਿਆਇ ਅਤੇ ਭਾਰਤੀ ਇਤਿਹਾਸ ਵਿਚੋਂ ਇਕ ਹੈ। ਇਹ ਦੋ ਦਲਾਂ ਵਿੱਚ ਯੁੱਧ ਦਾ ਰਿਕਾਰਡ ਹੈ, ਜਿਸ ਵਿਚ ਸ਼ਕਤੀਸ਼ਾਲੀ ਅਫ਼ਗਾਨ ਵਿਜੇਤਾ ਨੂੰ ਸਾਧਾਰਨ ਲੋਕਾਂ ਨੇ ਥਾਂ ਮਾਰਿਆ ਅਤੇ ਉਸ ਦੇ ਪੰਜੇ ਵਿਚੋਂ ਭਾਰਤ ਦਾ ਉਹ ਭਾਗ ਸਫ਼ਲਤਾ ਪੂਰਬਕ ਖੋਹ ਲਿਆ, ਜਿਸ ਨੂੰ ਤੈਮੂਰ ਵੰਸ਼ (ਮੁਗਲ ਵੰਸ਼) ਉਸ ਕੋਲੋਂ ਬਚਾਉਣ ਵਿਚ ਅਸਫ਼ਲ ਰਿਹਾ ਸੀ।"

ਸਿੱਖਾਂ ਦਾ ਲਾਹੌਰ ਉੱਤੇ ਕਬਜ਼ਾ ਅਤੇ ਸਿੱਕਾ ਜਾਰੀ ਕਰਨਾ

ਅਬਦਾਲੀ ਦੇ ਕਾਬਲ ਚਲੇ ਜਾਣ ਕਰਕੇ ਸਿੱਖ ਅਮਲੀ ਤੌਰ ਉੱਤੇ ਪੰਜਾਬ ਦੇ ਮਾਲਕ ਸਨ।ਉਸ ਦੇ ਨੀਯਤ ਕੀਤੇ ਲਾਹੌਰ ਅਤੇ ਜਲੰਧਰ ਦੁਆਬੇ ਦੇ ਗਵਰਨਰ ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਬਾਬਾ ਜੱਸਾ ਸਿੰਘ ਆਹਲੂਵਾਲੀਆਂ ਦੀ ਅਗਵਾਈ ਹੇਠ ਅਬਦਾਲੀ ਦੇ ਲਾਹੌਰੀ ਗਵਰਨਰ ਉਬੈਦ ਖਾਨ ਨੂੰ ਲਾਹੌਰੋਂ ਕੱਢ ਦਿੱਤਾ ਤੇ ਖਾਲਸੇ ਨੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ। ਬਾਬਾ ਜੱਸਾ ਸਿੰਘ ਨੂੰ ਦਲ ਖਾਲਸਾ ਨੇ "ਪੰਥ ਦੇ ਪਾਤਸ਼ਾਹ" ਦੀ ਪਦਵੀਂ ਨਾਲ ਨਿਵਾਜਿਆ ਅਤੇ ਗੁਰੂ ਦੇ ਨਾਂ ਤੋਂ ਇਹ ਸਿੱਕਾ ਚਲਾਇਆ:-

"ਦੇਗ਼ ਓ-ਤੇਗ਼-ਓ ਫਤਹਿ ਨੁਸਰੁਤਿ ਬੇਦ ਰੰਗ,
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।"

ਕੁਝ ਇਤਿਹਾਸਕਾਰ ਜਿਨ੍ਹਾਂ ਵਿਚੋਂ ਗਣੇਸ਼ ਦਾਸ ਬਡੇਹਰਾ ਵੀ ਹਨ, ਲਿਖਦੇ ਹਨ ਕਿ ਕੁਝ ਤੁਅਸਬੀ ਮੌਲਵੀਆਂ ਨੇ ਕੁਝ ਰੁਪਏ ਦੇ ਸਿੱਕਿਆਂ ਤੇ ਇਹ ਸ਼ਬਦ ਉਕਰਵਾਏ:-

"ਸਿੱਕਾ ਜਦ ਦਰ ਜਹਾਂ ਬ-ਫ਼ਜ਼ਲ-ਏ-ਅਕਾਲ।
ਮੁਲਕ-ਏ-ਅਹਿਮਦ ਗ੍ਰਿਫਤ ਜੱਸਾ ਕਲਾਲ।"

ਭਾਵ: " ਜੱਸਾ ਕਲਾਲ ਵਲੋਂ ਕਬਜ਼ਾ ਕੀਤੇ ਗਏ ਅਹਿਮਦ ਦੇ ਦੇਸ਼ ਵਿਚ ਅਕਾਲ ਪੁਰਖ ਦੀ ਮਿਹਰ ਨਾਲ ਚਲਾਇਆ ਗਿਆ ਸਿੱਕਾ।"

ਅਹਿਮਦ ਸ਼ਾਹ ਅਬਦਾਲੀ ਨੂੰ ਅਹਿਸਾਸ ਕਰਾਉਣ ਲਈ ਤੇ ਚੁੱਕਣ ਲਈ ਹਾਰੇ ਹੋਏ ਜਰਨੈਲਾਂ ਅਤੇ ਆਕਲਦਾਸ ਨਿਰੰਜਨੀਏ ਨੇ ਇਹ ਸਿੱਕੇ ਉਸ ਨੂੰ ਕਾਬਲ ਭੇਜੇ।

27 ਅਕਤੂਬਰ 1761 ਈਸਵੀਂ ਨੂੰ ਦੀਵਾਲੀ ਦੇ ਤਿਉਹਾਰ ਸਮੇਂ ਅੰਮ੍ਰਿਤਸਰ ਵਿਚ ਅਕਾਲ ਤਖ਼ਤ ਦੇ ਇਕ ਗੁਰਮਤੇ ਰਾਹੀਂ ਸਰਬੱਤ ਖਾਲਸਾ ਦੀ ਇਕੱਤਰਤਾ ਵਿੱਚ ਫੈਸਲਾ ਕੀਤਾ ਗਿਆ ਕਿ ਹਰ ਉਸ ਤਾਕਤ ਨੂੰ ਮਿਟਾਇਆ ਜਾਏ, ਜ਼ੋ ਹਰ ਸਮੇਂ ਸਿੱਖਾਂ ਦਾ ਵਿਰੋਧ ਕਰਦੀ ਰਹੀ ਹੈ ਉਸ ਮਤੇ ਅਨੁਸਾਰ ਲਾਹੌਰ ਤੋਂ ਬਾਰਾਂ ਮੀਲ ਦੂਰ ਸਿੱਖਾਂ ਨੇ ਕਸਬਾ ਜੰਡਿਆਲਾ ਤੇ ਚੜ੍ਹਾਈ ਕਰ ਦਿੱਤੀ, ਕਿਉਂਕਿ ਉਥੋਂ ਦੇ ਨਿਰੰਜਨੀਏ ਆਕਲ ਦਾਸ ਨੇ ਅਹਿਮਦ ਸ਼ਾਹ ਅਬਦਾਲੀ ਦਾ ਹਰ ਵਾਰ ਸਿੱਖਾਂ ਵਿਰੁੱਧ ਸਾਥ ਦਿੱਤਾ ਸੀ। ਆਕਲ ਦਾਸ ਨੇ ਅਬਦਾਲੀ ਵੱਲ ਆਪਣੇ ਦੂਤ ਭੇਜੇ ਅਤੇ ਸਹਾਇਤਾ ਲਈ ਤੁਰੰਤ ਬੇਨਤੀ ਕੀਤੀ।

ਅਬਦਾਲੀ ਤਾਂ ਪਹਿਲਾਂ ਹੀ ਜਿਤਨੀ ਜਲਦੀ ਹੋ ਸਕੇ ਸਿੱਖਾਂ ਨੂੰ ਕਰੜੇ ਹੱਥ ਵਿਖਾਉਣ ਦੀਆ ਗੋਂਦਾਂ ਗੁੰਦ ਰਿਹਾ ਸੀ। ਦਸੰਬਰ 1761 ਈਸਵੀ ਵਿੱਚ ਉਸ ਨੇ ਆਪਣੀ ਵਿਸ਼ਾਲ ਸੈਨਾ ਨਾਲ ਪੰਜਾਬ ਵੱਲ ਚਾਲੇ ਪਾ ਦਿੱਤੇ ਸਨ ਅਤੇ ਆਕਲ ਦਾਸ ਦੇ ਦੂਤ ਉਸ ਨੂੰ ਜਨਵਰੀ 1762 ਵਿਚ ਰੁਹਤਾਸ ਮਿਲੇ। ਅਹਿਮਦ ਸ਼ਾਹ ਦੇ ਹਮਲੇ ਬਾਰੇ ਸਿੱਖਾਂ ਨੂੰ ਵੀ ਪਤਾ ਲੱਗ ਚੁੱਕਾ ਸੀ। ਉਨ੍ਹਾਂ ਨੇ ਜੰਡਿਆਲੇ ਦਾ ਘੇਰਾ ਉਠਾਇਆ ਅਤੇ ਸਾਰਾ ਧਿਆਨ ਆਪਣੇ ਟੱਬਰਾਂ ਨੂੰ ਸੁਰੱਖਿਅਤ ਥਾਂ ਮਲੇਰ ਕੋਟਲੇ ਵੱਲ ਪਹੁੰਚਾਣ ਵੱਲ ਲਗਾ ਦਿੱਤਾ।

ਇਸ ਵਾਰ ਅਹਿਮਦ ਸ਼ਾਹ ਪੂਰੇ ਜਲਾਲ ਵਿੱਚ ਹਨੇਰੀ ਵਾਂਗ 3 ਫਰਵਰੀ ਨੂੰ ਲਾਹੌਰ ਪਹੁੰਚਿਆ। ਇਥੋਂ ਉਹ 150

ਮੀਲ ਦਾ ਪੈਂਡਾ ਮੁਕਾ ਕੇ ਅਤੇ ਦੋ ਦਰਿਆ ਪਾਰ ਕਰ ਕੇ 36 ਘੰਟਿਆਂ ਦੇ ਅੰਦਰ 5 ਫਰਵਰੀ 1762 ਈਸਵੀ ਨੂੰ ਮਲੇਰ ਕੋਟਲੇ ਪੁੱਜ ਗਿਆ। ਉਸ ਵੇਲੇ ਪੰਜਾਹ ਹਜ਼ਾਰ ਸਿੱਖ ਛੇ ਮੀਲ ਦੂਰ ਪਿੰਡ ਕੁਪ ਵਿੱਚ ਕੈਂਪ ਕਰ ਰਹੇ ਸਨ ਅਤੇ ਉਨ੍ਹਾਂ ਦਾ ਸਾਮਾਨ ਰਾਸ਼ਨ ਆਦਿ ਅਤੇ ਔਰਤਾਂ, ਬੱਚੇ, ਬੁੱਢੇ, ਚਾਰ ਮੀਲ ਅੱਗੇ ਗਰਮਾਂ ਪਿੰਡ ਵਿੱਚ ਸਨ। ਭਾਵੇਂ ਹਮਲਾ ਅਚਨਚੇਤ ਹੀ ਹੋ ਗਿਆ ਸੀ, ਪਰ ਸਿੱਖਾਂ ਨੇ ਮੁਕਾਬਲਾ ਕਰਨ ਦੀ ਠਾਣੀ।

ਸੋ ਵਿਉਂਤ ਅਨੁਸਾਨ, ਸਿੱਖ ਉਸ ਵੇਲੇ ਦੇ ਮਹਾਨ ਜਰਨੈਲ ਸਰਦਾਰ ਜੱਸ ਸਿੰਘ ਆਹਲੂਵਾਲੀਆਂ ਦੀ ਅਗਵਾਈ ਹੇਠਾਂ, ਵਹੀਰ ਨੂੰ ਵਿਚਕਾਰ ਲੈ ਕੇ ਦੁਆਲੇ ਗੋਲ ਚੱਕਰ ਵਾਂਗ ਤਾਇਨਾਤ ਹੋ ਕੇ ਦੁਰਾਨੀਆਂ ਦਾ ਟਾਕਰਾ ਕਰਨ ਲੱਗੇ। ਖੱਬੇ ਪਾਸੇ ਚੜ੍ਹਤ ਸਿੰਘ ਸ਼ੁਕਰਚਕੀਆਂ, ਸੱਜੇ ਪਾਸ ਜੱਸਾ ਸਿੰਘ ਆਹਲੂਵਾਲੀਆਂ ਅਤੇ ਮਗਰਲੇ ਪਾਸੇ ਕਰੋੜ ਸਿੰਘੀਆ, ਡਲੇਵਾਲੀਏ ਤੇ ਰਾਮਗੜ੍ਹੀਏ ਅਤੇ ਸਭ ਤੋਂ ਅੱਗੇ ਸਰਦਾਰ ਸ਼ਾਮ ਸਿੰਘ ਅਟਾਰੀ ਅਗਵਾਈ ਕਰ ਰਹੇ ਸਨ। ਸਿੱਖ ਸਰਦਾਰਾਂ ਨੇ ਯੁੱਧ ਨੀਤੀ ਇਹ ਅਪਣਾਈ:-

"ਤੁਰ ਤੁਰ ਲਰੋ ਅਰ ਲਰ ਲਰ ਤੁਰੋ।' ਅਤੇ ਜਿਥੇ ਵਹੀਰ ਦੇ ਹੱਲੇ ਦਾ ਜੋਰ ਤੱਕੋ ਉਥੇ ਅੜ ਕੇ ਟਾਕਰਾ ਕਰੋ। ਵਹੀਰ ਬਚਾਵਨ ਖਾਤਰ ਲੜੋ।"

ਵਹੀਰ ਬਰਨਾਲੇ ਵੱਲ ਵਧਦੀ ਗਈ ਅਤੇ ਨਾਲ ਹੀ ਦਸਤੇ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਗਏ। ਅਹਿਮਦ ਸ਼ਾਹ ਵਲੀ ਖਾਨ, ਜੈਨ ਖਾਨ ਸਰਹੰਦ ਵਾਲਾ ਦੋਵੇਂ ਸਿੱਖਾਂ 'ਤੇ ਅੱਗੇ ਤੋਂ ਹਮਲੇ ਕਰਦੇ ਸਨ। ਬੜੇ ਘਮਸਾਨ ਦੀ ਲੜਾਈ ਹੋ ਰਹੀ ਸੀ। ਸਿੱਖ ਲੜੀ ਜਾ ਰਹੇ ਸਨ ਅਤੇ ਵਹੀਰ ਨੂੰ ਵੀ ਅੱਗੇ ਲਿਆ ਰਹੇ ਸਨ। ਸਭ ਪਾਸੇ ਧਰਤੀ ਖ਼ੂਨ ਨਾਲ ਲਥਪਥ ਹੋ ਗਈ ਸੀ ਅਤੇ ਲੋਥਾਂ ਦੇ ਢੇਰ ਲੱਗੇ ਹੋਏ ਸਨ। ਸਿੱਖਾਂ ਦੇ ਬਹਾਦਰੀ ਭਰਪੂਰ ਕਾਰਨਾਮੇ ਵੇਖ ਕੇ ਅਹਿਮਦ ਸ਼ਾਹ ਅਬਦਾਲੀ ਵੀ ਹੱਕਾ ਬੱਕਾ ਰਹਿ ਗਿਆ।

ਡਾ: ਹਰੀ ਰਾਮ ਗੁਪਤਾ ਦੇ ਕਥਨ ਅਨੁਸਾਰ:-

"ਅਬਦਾਲੀ ਹੁਣ ਇਸ ਯਤਨ ਵਿੱਚ ਸੀ ਕਿ ਵਹੀਰ ਦੇ ਵਿਚਕਾਰ ਪੁੱਜ ਕੇ ਇਕ ਵਾਰ ਇਤਨੀ ਕਰੜੀ ਸੱਟ ਮਾਰ ਦਿੱਤੀ ਜਾਏ ਕਿ ਮੁੜ ਸਿੰਘ ਉਠ ਨਾ ਸਕਣ, ਪਰ ਦੂਜੇ ਪਾਸੇ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਜਥੇਬੰਦ ਕਰਕੇ ਜਿਸ ਹੁਸ਼ਿਆਰੀ ਨਾਲ ਸੰਭਾਲਿਆ, ਉਹ ਦੁਨੀਆਂ ਦੇ ਜੰਗੀ ਇਤਿਹਾਸ ਵਿਚ ਅਮਿਟ ਘਟਨਾ ਹੈ।

ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਸ: ਸ਼ਿਆਮ ਸਿੰਘ ਅਤੇ ਸ: ਚੜ੍ਹਤ ਸਿੰਘ ਸ਼ੁਕਰਚਕੀਏ ਸਰਦਾਰਾਂ ਨੇ ਤਾਂ ਇਸ ਸਮੇਂ ਬਹੁਤ ਬਹਾਦਰੀ ਦੇ ਜ਼ੌਹਰ ਦਿਖਾਏ। ਦੁਰਾਨੀ ਵੀ ਪੂਰੇ ਜ਼ੋਰ ਨਾਲ ਹਮਲਾ ਕਰ ਰਹੇ ਸਨ। ਆਖਰ ਦੁਰਾਨੀ, ਸਿੰਘਾਂ ਦੀ ਫੌਜ ਅਤੇ ਵਹੀਰ ਨੂੰ ਕੁੱਤਬ ਬ੍ਰਹਮਣੀ ਪਿੰਡ ਨੇੜੇ ਅੱਡ ਕਰਨ ਵਿਚ ਸਫਲ ਹੋ ਗਏ।

ਬਸ ਫਿਰ ਕੀ ਸੀ, ਅਨੇਕ ਨਿਰਦੋਸ਼ ਬਾਲ, ਬੱਚੇ, ਬਿਰਧ ਸਿੱਖ ਅਤੇ ਸਿੰਘਣੀਆਂ ਨੂੰ ਬੜੀ ਬੇਦਰਦੀ ਨਾਲ ਅਫ਼ਗਾਨਾਂ ਨੇ ਸ਼ਹੀਦ ਕਰ ਦਿੱਤਾ, ਸਭ ਪਾਸੇ ਹਾਹਾਕਰ ਮਚੀ ਹੋਈ ਸੀ, ਸਿੱਖ ਇੰਨੀ ਗਿਣਤੀ ਵਿੱਚ ਸ਼ਹੀਦ ਹੋਣ ਦੇ ਬਾਵਜੂਦ ਆਪਣੇ ਨਿਸ਼ਾਨੇ ਵੱਲ ਵਧਦੇ ਰਹੇ ਅਤੇ ਰਾਤ ਪੈਣ ਤੱਕ 20 ਮੀਲ ਦਾ ਸਫਰ ਕਰ ਲਿਆ।

ਬਰਨਾਲੇ ਦੇ ਨੇੜੇ ਪਹੁੰਚ ਕੇ ਅਹਿਮਦ ਸ਼ਾਹ ਨੇ ਲੜਾਈ ਰੋਕਣ ਦਾ ਹੁਕਮ ਦੇ ਦਿੱਤਾ, ਕਿਉਂਕਿ ਅਫਗਾਨ ਕਈ ਘੰਟਿਆਂ ਤੱਕ ਲੜਾਈ ਲੜਨ ਕਾਰਨ ਥੱਕ ਗਏ ਸਨ। ਦੂਜੇ ਅਬਦਾਲੀ ਦੀਆਂ ਫੌਜਾਂ ਅਤੇ ਸਿੱਖ ਅੜਦੇ-ਭਿੜਦੇ ਰੇਤਲੇ ਅਤੇ ਬੇਆਬਾਦ ਜਿਹੇ ਇਲਾਕੇ ਵਿਚ ਪੁੱਜ ਗਏ ਸਨ, ਜਿਥੇ ਸਿੱਖਾਂ ਹੱਥੋਂ ਅਫਗਾਨਾਂ ਨੂੰ ਨੁਕਸਾਨ ਦਾ ਡਰ ਸੀ।

ਵੱਡਾ ਘੱਲੂਘਾਰਾ, ਸਿੱਖ ਇਤਿਹਾਸ ਦਾ ਇਕ ਨਵਾਂ ਪਤਰਾ ਲਿਖਿਆ ਗਿਆ, ਜ਼ੋ ਕਿ ਨਿਰਦੋਸ਼ਾਂ ਦੇ ਖ਼ੂਨ ਨਾਲ ਭਿੱਜਿਆ ਹੋਇਆ ਹੈ, ਜੋ ਪੰਥ ਦੀ ਖਾਤਰ ਸ਼ਹੀਦ ਹੋਏ। ਇਸ ਘੱਲੂਘਾਰੇ ਵਿਚ ਸਿੰਘਾਂ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਵੱਖ-ਵੱਖ ਇਤਿਹਾਸਕਾਰਾਂ ਨੇ 10,000 ਤੋਂ 30,000 ਤੱਕ ਦਾ ਲਗਾਇਆ ਹੈ। ਦੁਸ਼ਮਣ ਦਾ ਵੀ ਕਾਫੀ ਨੁਕਸਾਨ ਹੋਇਆ ਪਰ ਸਿੱਖਾਂ ਦੀ 'ਬਚਾਉ ਦੀ ਲੜਾਈ' ਉਨ੍ਹਾਂ ਦਾ ਬਹੁਤ ਨੁਕਸਾਨ ਕਰ ਗਈ।

ਇਹ ਸਿੱਖ ਕੌਮ ਉੱਤੇ ਇਕ ਕਰੜੀ ਸੱਟ ਸੀ। ਅੱਧੀ ਕੌਮ ਇਕ ਦਿਨ ਸ਼ਹੀਦ ਹੋ ਗਈ। ਇਤਨਾ ਕੁਝ ਹੋ ਜਾਣ ਤੇ ਵੀ ਸਿੰਘਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਅਤੇ ਉੱਚੀ ਅਵਾਜ਼ ਵਿਚ ਕਿਹਾ:-

"ਸੱਚੇ ਪਾਤਸ਼ਾਹ ਕੱਚੇ ਪਿੱਲੇ ਝੜ ਗਏ ਹਨ, ਬਾਕੀ ਤੱਤ ਖਾਲਸਾ ਰਹਿ ਗਿਆ ਹੈ, ਹੁਣ ਆਪੇ ਸਿੱਝ ਲਵਾਂਗੇ।"

ਕੋਈ ਇਕ ਵੀ ਸਰਦਾਰ ਐਸਾ ਨਹੀਂ ਸੀ, ਜਿਸ ਨੂੰ ਘੱਟ ਤੋਂ ਘੱਟ ਪੰਜ ਸੱਤ ਜ਼ਖਮ ਨਾ ਲੱਗੇ ਹੋਣ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉਪਰ 22 ਜ਼ਖਮ ਅਤੇ ਸ: ਚੜ੍ਹਤ ਸਿੰਘ ਦੇ ਸਰੀਰ ਤੇ 19 ਜ਼ਖਮ ਆਏ।

"ਸਰਦਾਰ ਸਭੈ ਜ਼ਖਮੀ ਭਏ, ਸਾਬਤ ਰਹਯੋ ਨ ਕੋਇ।
ਲਈ ਸ਼ਹੀਦੀ ਥੀ ਘਨਨ, ਗਿਣਤੀ ਸਭਨ ਨ ਹੋਇ।"

(ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼)

ਇਸ ਸਮੇਂ ਘੱਲੂਘਾਰੇ ਵਿਚ ਸ੍ਰੀ ਗੁਰੂ ਗੰਥ ਸਾਹਿਬ ਜੀ ਦੀ ਉਹ ਬੀੜ ਵੀ ਸਿੰਘਾਂ ਪਾਸੋਂ ਗੁੰਮ ਹੋ ਗਈ, ਜਿਹੜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਚ ਬੈਠ ਕੇ ਆਪ ਤਿਆਰ ਕਰਵਾਈ ਸੀ।

ਸੰਖੇਪ ਤੌਰ 'ਤੇ ਅਹਿਮਦ ਸ਼ਾਹ ਅਬਦਾਲੀ ਸਿੱਖਾਂ ਨੂੰ ਕੁਚਲਣ ਵਿਚ ਅਸਫ਼ਲ ਰਿਹਾ। ਇਹ ਵੱਡਾ ਘੱਲੂਘਾਰਾ ਸਿੱਖਾਂ ਦੀ ਅੰਤਮ ਜਿੱਤ ਦਾ ਅਤੇ ਅਬਦਾਲੀ ਲਈ ਹਾਰ ਦਾ ਕਾਰਨ ਬਣਿਆ।

ਸਾਡੇ ਪਿੰਡ

# ਪੰਜ ਟੋਭਿਆਂ ਵਾਲਾ ਪਿੰਡ -ਪੰਜੌੜ ਅਤੇ ਉਸਦੇ ਸੈਣੀ

ਮਨਜੀਤ ਸਿੰਘ ਤੰਬੜ
ਪੰਜੌੜ, ਜ਼ਿਲ੍ਹਾ ਹੁਸ਼ਿਆਰਪੁਰ



ਪਿੰਡ ਪੰਜੌੜ ਹੁਸ਼ਿਆਰਪੁਰ ਜ਼ਿਲ੍ਹੇ ਦੇ ਦੱਖਣੀ ਕਿਨਾਰੇ 'ਤੇ ਸਥਿਤ ਹੈ। ਇਸਦੇ ਨਾਲ ਹੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਜ਼ਿਲ੍ਹਾ ਕਪੂਰਥਲਾ ਦੀਆਂ ਸੀਮਾਵਾਂ ਆਰੰਭ ਹੋ ਜਾਂਦੀਆਂ ਹਨ। ਬਿਸਤ ਦੋਆਬ ਨਹਿਰ ਦੀ ਆਦਮਪੁਰ ਬ੍ਰਾਂਚ ਦੀ ਬੁਰਜੀ ਨੰ: 143 'ਤੇ ਪੈਂਦਾ ਇਹ ਪਿੰਡ ਗੜ੍ਹਸ਼ੰਕਰ ਅਤੇ ਆਦਮਪੁਰ ਦੇ ਐਨ ਵਿਚਕਾਰ (24-24 ਕਿਲੋਮੀਟਰ), ਫਗਵਾੜਾ ਤੋਂ 18 ਕਿਲੋਮੀਟਰ ਅਤੇ ਹੁਸ਼ਿਆਰਪੁਰ ਤੋਂ ਕਰੀਬ 35 ਕਿਲੋਮੀਟਰ ਦੂਰ ਹੈ। ਇਸਦੀ ਦੱਖਣੀ ਸੀਮਾਂ ਦੇ ਨਾਲ ਨਾਲ ਬੇਈ ਅਤੇ ਪੱਛਮੀ ਕਿਨਾਰੇ ਬਾਹੋਵਾਲ ਵਾਲਾ ਚੋਅ ਵਗਦਾ ਹੈ। ਉਂਜ ਫਗਵਾੜਾ, ਗੜ੍ਹਸ਼ੰਕਰ ਅਤੇ ਮਾਹਿਲਪੁਰ ਨੂੰ ਕਈ ਬੱਸਾਂ ਜਾਂਦੀਆਂ ਹਨ। ਫਗਵਾੜਾ ਇਸਦਾ ਨਜ਼ਦੀਕੀ ਰੇਲਵੇ ਸਟੇਸ਼ਨ ਹੈ।

ਕਿਹਾ ਜਾਂਦਾ ਹੈ ਕਿ ਇਸ ਪਿੰਡ ਦਾ ਨਾਮ "ਪੰਜੌੜ" ਪੰਜ ਟੋਭਿਆਂ ਤੋਂ ਪਿਆ ਹੈ। (ਭਾਈ ਕਾਹਨ ਸਿੰਘ ਨਾਭਾ ਜੋੜ ਦਾ ਅਰਥ 'ਛੱਪੜ' 'ਕੱਚਾ ਤੇਲ ਤੇ 'ਟੋਭਾ' ਕੀਤਾ ਹੈ) ਇਨ੍ਹਾਂ ਟੋਭਿਆਂ ਦੀਆਂ ਨਿਸ਼ਾਨੀਆਂ ਅਜੇ ਵੀ ਮੌਜੂਦ ਹੈ। ਇਸਦੇ ਮੋਢੀ ਬਜ਼ੁਰਗ ਦੇ ਤਿੰਨ ਪੁੱਤਰ - ਬੋਜਾ, ਸੁੰਦਰ ਤੇ ਮੋਹਣਾ ਸਨ ਜਿਨ੍ਹਾਂ ਦੇ ਨਾਂ 'ਤੇ ਘਰ ਪਿੰਡ ਦੇ ਪੂਰਬ-ਉੱਤਰ ਵਿੱਚ ਰਾਇ ਪੱਤੀ ਦੇ ਘਰ ਦੱਖਣ ਵਿੱਚ ਅਤੇ ਮੁਕੱਦਮ ਪੱਤੀ ਦੇ ਘਰ ਪੱਛਮ-ਉੱਤਰ ਵੱਲ ਵਧੇ ਹੋਏ ਸਨ। ਹੁਣ ਇਹ ਰਲਮਿਲ ਗਏ ਹਨ। ਪਿੰਡ ਦੇ ਐਨ ਵਿਚਕਾਰ ਮੋਢੀ ਬਜ਼ੁਰਗ ਅਤੇ ਦੋ ਹੋਰ ਸੰਤਾਂ ਦੀਆਂ ਸਮਾਧਾਂ ਮੌਜੂਦ ਹਨ। ਇਸ ਪਿੰਡ ਦੇ ਪੱਛਮ ਵਿੱਚ ਵੱਡਾ 'ਦਰਵਾਜ਼ਾ' ਹੈ ਜੋ ਕਿ ਕਿਸੇ ਸਮੇਂ ਪਿੰਡ ਦਾ ਮੁੱਖ ਦੁਆਰ ਰਿਹਾ ਹੋਵੇਗਾ ਜਿੱਥੇ ਬਾਹਰਲੇ ਦੁਸ਼ਮਣਾਂ ਤੋਂ ਬਚਣ ਲਈ ਰਖਵਾਲੇ ਤਾਇਨਾਤ ਹੋਵੇਗਾ। ਫਿਰ ਇਸ ਦਰਵਾਜ਼ੇ ਨੂੰ ਸਰਕਾਰੀ ਅਧਿਕਾਰੀਆਂ ਦੇ ਬੈਠਣ ਦਾ ਸਥਾਨ ਬਣਾ ਦਿੱਤਾ ਗਿਆ ਪਰੰਤੂ ਹੁਣ ਇਹ ਸੁੰਨਸਾਨ ਪਿਆ ਹੈ। ਚਾਲੀ-ਪੰਜਾਹ ਸਾਲ ਪਹਿਲਾਂ ਇਸ ਪਿੰਡ ਦੇ "ਕਿਲੇ ਵਾਲਾ ਖੂਹ", 'ਮਹਾਦਿਆਣੇ ਦੀ ਹਲਟੀ' ਜੰਡ, ਚਰਾਂਦ ਦੀ ਪਿਪਲੀ ਤੇ ਹਲਦੀ, ਡਿੱਬਾਂ ਵਾਲਾ ਟੋਭ੍ਹਾ ਆਦਿ ਪ੍ਰਸਿੱਧ ਸਥਾਨ ਸਨ ਜੋ ਕਿ ਹੁਣ ਅਲੋਪ ਹੋਣ ਦੇ ਕਿਨਾਰੇ 'ਤੇ ਹਨ।

ਇਸ ਪਿੰਡ ਦੇ ਮੁਢਲੇ ਲੋਕ ਰਾਜਪੂਤ ਜਾਤ ਦੇ ਹਨ ਜਿਨ੍ਹਾਂ ਦੀ ਆਬਾਦੀ ਪੰਜਾਹ ਪ੍ਰਤਿਸ਼ਤ ਤੋਂ ਵੀ ਵੱਧ ਹੈ। ਇਸਤੋਂ ਇਲਾਵਾ ਸੈਣੀ, ਬ੍ਰਾਹਮਣ, ਨਾਈ, ਝਿਊਰ, ਘੁਮਿਆਰ, ਲੋਹਾਰ-ਤਰਖਾਣ, ਹਰੀਜਨ ਤੇ ਵਾਲਮੀਕੀ ਜਾਤਾਂ ਦੇ ਲੋਕ ਵੀ ਇੱਥੇ ਵਸਦੇ ਹਨ। ਇਸ ਪਿੰਡ ਦੇ ਛੇ ਸੌ ਦੇ ਕਰੀਬ ਘਰ ਅਤੇ 2700 ਦੇ ਲਗਭਗ ਆਬਾਦੀ ਹੈ ਜਿਨ੍ਹਾਂ ਵਿੱਚੋਂ 2000 ਤੋਂ ਵੱਧ ਵੋਟਰ ਹਨ। ਉਂਜ ਇੱਥੇ ਬਹੁਤ ਘੱਟ ਲੋਕ ਪੱਕੇ ਤੌਰ 'ਤੇ ਰਹਿੰਦੇ ਹਨ। ਇਸ ਪਿੰਡ ਦੀ ਬਹੁਤੇ ਲੋਕ ਅਮਰੀਕਾ, ਕੈਨੇਡਾ, ਇੰਗਲੈਂਡ, ਇਟਲੀ, ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਡੁਬਈ ਆਦਿ ਦੇਸ਼ਾਂ ਵਿੱਚ ਜਾ ਵਸੇ ਹਨ ਜਾਂ ਕੰਮ ਕਰਦੇ ਹਨ। ਇਸ ਤੋਂ ਇਲਾਵਾ ਦਿੱਲੀ, ਬੰਬਈ, ਜਲੰਧਰ, ਹੁਸ਼ਿਆਰਪੁਰ, ਚੰਡੀਗੜ੍ਹ ਤੇ ਫਗਵਾੜਾ ਸ਼ਹਿਰਾਂ ਵਿੱਚ ਵੀ ਕਾਫੀ ਗਿਣਤੀ ਦੇ ਲੋਕ ਰਹਿਣ ਲੱਗੇ ਪਏ ਹਨ।

ਇਸ ਪਿੰਡ ਵਿੱਚ ਸੈਣੀ ਬਰਾਦਰੀ ਦੇ ਸੌ ਕੁ ਘਰ ਹਨ। ਇਹ ਲੋਕ, ਪਿੰਡ ਵਸਣ ਤੋਂ ਕਾਫੀ ਸਮਾਂ ਬਾਅਦ ਅਲੱਗ ਅਲੱਗ ਸਥਾਨਾਂ ਤੋਂ ਆ ਕੇ ਖੇਤੀ ਕਰਨ ਲੱਗੇ ਸਨ। ਤਿੰਨਾਂ ਹੀ ਪੱਤੀਆਂ ਵਿੱਚ ਸੈਣੀ ਬਰਾਦਰੀ ਦੇ ਲੋਕ ਵਸਦੇ ਹਨ। ਇਨ੍ਹਾਂ ਸੈਣੀਆਂ ਦੇ ਛੇ ਗੋਤ ਤੰਬੜ, ਢੱਕ, ਗਹੂਣੀਆਂ, ਗਿਰਨ, ਬੋਲਾ ਤੇ ਕੁਸਰਤ/ਹੱਡ ਹਨ। ਤੰਬੜ, ਮਾਹਿਲਪੁਰ ਤੇ ਜੇਜੋਂ ਨੂੰ ਜਾਂਦੀ ਸੜਕ 'ਤੇ ਸਥਿਤ ਪਿੰਡਾਂ ਰਾਮਪੁਰ ਤੇ ਝੰਜੋਵਾਲ ਤੋਂ ਆ ਕੇ ਵਸੇ ਹਨ। ਤੰਬੜਾਂ ਦੇ ਘਰ, ਪਿੰਡ ਦੇ ਪੂਰਬੀ ਕਿਨਾਰੇ ਤੇ ਸੱਥਿਤ ਹਨ। ਇਸ ਸਮੇਂ ਇਸ ਗੋਤ ਦੇ ਪੰਦਰਾਂ ਕੁ ਘਰ ਹਨ ਜਦੋਂ ਕਿ ਅੱਠ - ਦੱਸ ਪਰਿਵਾਰ ਫਗਵਾੜਾ ਵਸੇ ਹੋਏ ਹਨ। ਇਨ੍ਹਾਂ ਵਿੱਚ ਨਿਹੰਗ ਤੇ ਗੋਪੀਦਿਆਂ ਦੇ ਵੱਡੇ ਟੱਬਰ ਹਨ ਜਿਨ੍ਹਾਂ ਦੇ ਵੀਹ ਕੁ ਘਰ ਹਨ। ਗਹੂਣੀਆਂ ਗੋਤ ਦੇ ਮੁੱਖ ਪਰਿਵਾਰ - ਜੈਦੂ ਦਿਆਂ ਦੇ ਸਮੇਂ ਨਾਂਗੜ ਹਨ। ਇਨ੍ਹਾਂ ਦੇ ਬਹੁਤ ਲੋਕ ਪਿੰਡ ਤੋਨ ਜਾ ਕੇ ਦੂਜੇ ਸਹਿਰਾਂ ਵਿੱਚ ਜਾ ਵਸੇ ਹਨ। ਕੇਵਲ 15 ਕੁ ਪਰਿਵਾਰ ਹੀ ਪਿੰਡ ਵਿੱਚ ਰਹਿੰਦੇ ਹਨ। ਗਿਰਨ ਗੋਤ ਵਾਲਿਆਂ ਨੂੰ "ਮਾਣਕੂ ਦਿਆਂ ਦੇ" ਆਖਿਆ ਜਾਂਦਾ ਹੈ। ਇਨ੍ਹਾਂ ਦੇ ਕੇਵਲ ਚਾਰ ਪਰਿਵਾਰ ਪਿੰਡ ਵਿੱਚ ਰਹਿੰਦੇ ਹਨ ਜਦੋਂ ਕਿ ਇੰਨੇ ਕੁ ਦਿੱਲੀ ਜਾ ਵਸੇ ਹਨ। ਬੋਲੇ ਗੋਤ ਦੇ ਮੁੱਖ ਪਰਿਵਾਰ - ਦਲੇਲੇ ਦਾ ਟੱਬਰ, ਡੱਬਰੀ ਵਾਲੇ ਬਹਾਦਰ ਦਾ ਟੱਬਰ, ਲੀਕੜਾ, ਝੰਡਿਆਂ ਅਤੇ ਮਕੰਦੂ ਦਾ ਹਨ। ਇਨ੍ਹਾਂ ਸ਼ਹਿਰ ਤੇ ਦੇਸ਼ਾਂ ਵਿੱਚ ਜਾ ਵਸਿਆ ਹੈ। ਵਿਸਾਖੀ ਦਿਆਂ ਦੇ ਵਜੋਂ ਜਾਣੇ ਜਾਂਦੇ ਸੈਣੀ ਲੋਕਾਂ ਦਾ ਗੋਤ ਹੱਡ ਦੇ ਜੋ ਕਿਸੇ ਕਾਰਨ ਕੁਸਰਤ ਆਖਿਆ ਜਾਣਾ ਲੱਗਾ ਹੈ। ਇਸ ਗੋਤ ਦੇ 20-25 ਘਰ ਹਨ ਪਰੰਤੂ ਪਿੰਡ ਵਿੱਚ ਕੇਵਲ 10 ਕੁ ਹੀ ਪਰਿਵਾਰ ਰਹਿੰਦੇ ਹਨ। ਇਸ ਗੋਤ ਦੇ ਬਜ਼ੁਰਗ ਮਲੋਆ (ਚੰਡੀਗੜ੍ਹ ਯੂ.ਟੀ.) ਅਤੇ ਤੀਜਾ ਪਿੰਡਾਂ ਤੋਂ ਆ ਕੇ ਵਸੇ ਦੱਸੇ ਜਾਂਦੇ ਹਨ। ਇਨ੍ਹਾਂ ਦੇ ਕੁਝ ਪਰਿਵਾਰ ਮਿਰਜ਼ਾਪੁਰ ਧਾਰੀਵਾਲ (ਦੁਸੜਕਾ) ਪਿੰਡ ਵਿੱਚ ਵੀ ਰਹਿੰਦੇ ਹਨ।


ਸੈਣੀ ਬਰਾਦਰੀ ਦੇ ਪ੍ਰਮੁੱਖ ਬਜ਼ੁਰਗਾਂ ਵਿੱਚ ਪਹਿਲਵਾਨ ਜੋਗਿੰਦਰ ਸਿੰਘ (ਵਿਸਾਖੀ ਦਿਆਂ ਦੇ) ਆਜ਼ਾਦੀ ਸੰਗ੍ਰਾਮੀ ਬਖਸ਼ੀਸ਼ ਸਿੰਘ (ਵਿਸਾਖੀ ਦਿਆਂ ਦੇ), ਖਾੜਕੂ ਸਿੰਘ, ਪ੍ਰਤਾਪ ਸਿੰਘ (ਨਿਹੰਗਾਂ ਦਾ), ਬਬਰ ਅਕਾਲੀ ਸਮਰਥਕ, ਪੂਰਨ ਸਿੰਘ (ਬੋਲਾ) ਤੇ ਸ. ਗੁਰਦਾਸ ਸਿੰਘ (ਬੋਲਾ), ਜੈਤੋ-ਮੋਰਚਾ ਦੇ ਸਿੰਘ ਸ. ਗੇਂਦਾ ਸਿੰਘ (ਨਿਹੰਗ) ਤੇ

ਸ. ਨਰੈਣ ਸਿੰਘ (ਤੰਬੜ), ਸੰਸਾਰ ਜੰਗਾਂ ਦੇ ਲੜਾਕੂ ਫੌਜੀ - ਗੋਕਲ ਸਿੰਘ (ਬੋਲਾ), ਸ. ਦਲੀਪ ਸਿੰਘ (ਢੱਕ), ਸ. ਗੁਰਦਿੱਤ ਸਿੰਘ (ਬੋਲਾ), ਸ. ਸ਼ੇਰ ਸਿੰਘ (ਭੰਡਿਆਂ ਦਾ), ਸ. ਬਾਵਾ ਸਿੰਘ (ਤੰਬੜ), ਸ. ਮੋਤਾ ਸਿੰਘ (ਤੰਬੜ), ਸ. ਸਾਧੂ ਸਿੰਘ (ਵਿਸਾਖੀ ਦਿਆਂ ਦੇ) ਸ਼ਾਮਿਲ ਹਨ। ਇਸ ਬਰਾਦਰੀ ਦੇ ਸ. ਤਰਲੋਕ ਸਿੰਘ ਪੁੱਤਰ ਸ. ਅਮਰ ਸਿੰਘ ਗਹੁਣੀਆਂ, ਦਿੱਲੀ ਨਿਗਰ ਨਿਗਮ ਤੋਂ ਨਿਗਰਾਨ ਇੰਜਨੀਅਰ ਰਿਟਾਇਰ ਹੋਇਆ ਸੀ ਅਤੇ ਸ. ਦੌਲਾ ਸਿੰਘ (ਵਿਸਾਖੀ ਦਿਆਂ ਦਾ) ਪੰਜਾਬ ਪੁਲਿਸ ਵਿੱਚ ਇੰਸਪੈਕਟਰ ਸੀ। ਇਨ੍ਹਾਂ ਤੋਂ ਇਲਾਵਾ ਡਾ. ਅਜਮੇਰ ਸਿੰਘ (ਤੰਬੜ) ਪੰਜਾਬ ਦੇ ਸਿੱਖਿਆ ਵਿਭਾਗ 'ਚੋਂ ਡਾਇਰੈਕਟਰ ਅਤੇ ਉਨ੍ਹਾਂ ਦੀ ਧਰਮ ਪਤਨੀ ਡਾ. ਜਸਵੰਤ ਕੌਰ ਕਾਲਜ ਦੇ ਐਸੋਸੀਏਟ ਪ੍ਰੋਫੈਸਰ ਵਜੋਂ ਰਿਟਾਇਰ ਹੋਏ ਹਨ। ਇਨ੍ਹਾਂ ਦਾ ਪੁੱਤਰ ਸ. ਰਾਜਵਿੰਦਰ ਸਿੰਘ ਬਹੁਦੇਸ਼ ਕੰਪਨੀ ਦਾ ਜਨਰਲ ਮੈਨੇਜਰ ਅਤੇ ਪੁੱਤਰੀ ਡਾ. ਮਾਨਵਪ੍ਰੀਤ ਕੌਰ, ਯੂ.ਐੱਸ.ਏ. ਵਿੱਚ ਅੰਗਰੇਜ਼ੀ ਦੀ ਲੈਕਚਰਾਰ ਹੈ। ਸ. ਸੁਰਜੀਤ ਸਿੰਘ (ਵਿਸਾਖੀ ਦਿਆਂ ਦਾ) ਅਧਿਆਪਕ ਰਿਟਾਇਰ ਹੋਇਆ ਹੈ ਅਤੇ ਸ. ਮਨਜੀਤ ਸਿੰਘ (ਤੰਬੜ) ਫੌਜ 'ਚੋਂ ਨਾਇਬ ਤਹਿਸੀਲਦਾਰ ਰਿਟਾਇਰ ਹੋ ਕੇ ਹੁਣ ਪਿੰਡ ਵਿੱਚ ਸਕੂਲ ਚਲਾ ਰਿਹਾ ਹੈ। ਸੈਣੀ ਬਰਾਦਰੀ ਦੇ ਵਿਸਾਖਿਆ ਦੇ ਟੱਬਰ ਦੇ ਸੰਤ ਬਲਬੀਰ ਸਿੰਘ, ਸੰਤ ਹਰੀ ਸਿੰਘ ਜੀ ਦੀ ਗੱਦੀ 'ਤੇ ਬਿਰਾਜਮਮਾਨ ਹੋ ਕੇ ਲੋਕਾਂ ਦੀ ਰੂਹਾਨੀਅਤ ਸੇਵਾ ਕਰ ਰਹੇ ਹਨ। ਸ. ਸੋਹਣ ਸਿੰਘ (ਬੋਲਾ) ਅਤੇ ਸ. ਕਮਲਜੀਤ ਸਿੰਘ (ਗਹੁਣੀਆਂ) ਕਈ ਸਾਲ ਪਿੰਡ ਦੇ ਸਰਪੰਚ ਰਹੇ ਹਨ।

ਪਿੰਡ ਪੰਜੌੜ ਦੇ ਸਾਰੇ ਵਾਸੀ ਭਾਵੇਂ ਉਹ ਕਿਸੇ ਵੀ ਜਾਤ ਦੇ ਹੋਣ, ਆਪਸੀ ਪ੍ਰੇਮ ਪਿਆਰ ਨਾਲ ਰਹਿੰਦੇ ਹਨ। ਇੱਥੇ ਪੰਜ ਗੁਰੂਦੁਆਰੇ, ਤਿੰਨ ਮੰਦਰ, ਇੱਕ ਨਾਥ-ਜੋਗੀਆਂ ਦਾ ਪੂਜਾ ਅਸਥਾਨ, ਇੱਕ ਪੀਰਾਂ ਦਾ ਸਥਾਨ, ਖਵਾਜਾ ਮੰਦਰ ਤੇ ਗੂਗਾ ਮਾੜੀ ਹੈ। ਜਿਨ੍ਹਾਂ ਵਿੱਚ ਸਾਰੇ ਵਰਗਾਂ ਦੇ ਲੋਕ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ। ਇਹ ਪਿੰਡ ਸੰਤ ਹਰੀ ਸਿੰਘ ਜੀ ਦਾ ਵਰੋਸਾਇਆ ਹੋਇਆ ਹੈ ਜਿਹੜੇ ਦਹਾਕਿਆਂ ਤੱਕ ਇਸ ਦੀਆਂ ਜੂਹਾਂ ਵਿੱਚ ਵਿਚਰਦੇ ਰਹੇ ਹਨ। ਇੱਥੇ ਇੱਕ ਵੱਡਾ ਹਸਪਤਾਲ, ਸਰਕਾਰੀ ਡਿੰਸਪੈਸਰੀ, ਪਸ਼ੂ ਡਿਸਪੈਂਸਰੀ, ਸਰਕਾਰੀ ਹਾਈ ਸਕੂਲ, ਪੰਜਾਬ ਨੈਸ਼ਨਲ ਬੈਂਕ, ਸਹਿਕਾਰੀ ਬੈਂਕ, ਆਨਾਜ ਮੰਡੀ ਤੇ ਖੇਡ ਸਟੇਡੀਅਮ ਦੀਆਂ ਸਹੂਲਤਾ ਮੌਜੂਦ ਹਨ।

ਪਰਮਾਤਮਾ ਪਿੰਡ ਪੰਜੌੜ ਦੇ ਲੋਕਾਂ ਤੇ ਨਜ਼ਰ ਸੁਵੱਲੀ ਰੱਖੇ ਤਾਂ ਜੋ ਸਾਰੇ ਵਾਸੀ ਖੁਸ਼ਹਾਲ ਤੇ ਅਰੋਗ ਜੀਵਨ ਜਿਊਂਦੇ ਰਹਿਣ।

(ਪੁਸਤਕ "ਮੇਰਾ ਪਿੰਡ, ਪੰਜੌੜ-ਅਤੀਤ ਤੇ ਵਰਤਮਾਨ ਲੇਖਕ ਡਾ. ਅਜਮੇਰ ਸਿੰਘ ਵਿੱਚੋਂ)



## ਕਵਿਤਾ

ਬਲਵੰਤ ਸਿੰਘ ਸਨੇਹੀ

ਹੋਵੇਗੀ ਛੱਤ ਮੇਰੇ ਸਿਰ ਤੇ ਵੀ,
ਇੱਕ ਆਸਰਾ ਭਾਲਦਾ ਰਿਹਾ ਹਾਂ।
ਬਣੇਗਾ ਘਰ ਮੇਰਾ ਆਪਣਾ,
ਕੇਹਾ ਭਰਮ ਪਾਲਦਾ ਰਿਹਾ ਹਾਂ।
ਘੜੀ ਹੋਣੀ ਦੀ ਮੇਰੇ ਸਿਰ ਤੇ,
ਆ ਕੇ ਹੀ ਰਹੀ ਆਖਿਰ,
ਬਥੇਰਾ ਆਨੇ ਬਹਾਨੇ ਲਾ ਉਹਨੂੰ
ਮੁੱਦਤਾਂ ਤੋਂ ਟਾਲ਼ਦਾ ਰਿਹਾ ਹਾਂ।
ਰਿਹਾ ਪਿਲਾਉਂਦਾ ਮੈਂ ਦੁੱਧ ਜਿਸ ਨੂੰ,
ਸਮਝ ਕੇ ਹਮਦਮ ਆਪਣਾ।
ਸੁਰਤ ਆਈ ਪਤਾ ਲੱਗਾ
ਕਿ ਸੱਪ ਹੀ ਪਾਲਦਾ ਰਿਹਾ ਹਾਂ।
ਕਦੇ ਵੀ ਕਿਸੇ ਘੜੀ ਰੌਣਕ ਨਾ ਆਈ
ਮੇਰੇ ਮੁੱਖ ਤੇ।
ਸੁਬ੍ਹਾ ਤੋਂ ਸ਼ਾਮ ਤੱਕ ਕਿੰਨੇ,
ਜਫ਼ਰ ਜਾਲਦਾ ਰਿਹਾ ਹਾਂ।
ਇਹ ਬਾਜ਼ੀ ਕਿਸਮਤ ਦੀ,
ਨਾ ਜਿੱਤ ਹੋਈ ਮੈਥੋਂ ਕਦੇ।
ਭਾਵੇਂ ਕਿੰਨਾ ਸੁਘੜ ਸਿਆਣਾ,
ਆਪਣੀ ਚਾਲ ਦਾ ਰਿਹਾ ਹਾਂ।
ਸਿੱਪੀਆਂ ਹੀ ਰਹੀਆਂ ਮਿਲਦੀਆਂ,
ਹੱਥ ਆਏ ਨਾ ਕਦੇ ਮੋਤੀ।
ਉਮਰ ਭਰ ਫ਼ਜ਼ੂਲ ਹੀ,
ਸਾਗਰ ਭਾਲਦਾ ਰਿਹਾ ਹਾਂ।
ਸੁਰ ਹੋਏ ਨਾ ਸਾਜ਼ ਮੇਰੇ,
ਗੀਤ ਕੋਈ ਨਾ ਗਾ ਸਕਿਆ।
ਭਾਵੇਂ ਕਿੰਨਾ ਹੀ ਸਨੇਹੀ,
ਜਾਣੂ ਸੁਰ ਤਾਲ ਦਾ ਰਿਹਾ ਹਾਂ।

- ਜਲੰਧਰ

**ਸ. ਸੁਖਦੇਵ ਸਿੰਘ ਸੈਣੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਐਸੋਸੀਏਸ਼ਨ ਦਾ ਪ੍ਰਧਾਨ ਬਣਨ 'ਤੇ ਬਹੁਤ ਬਹੁਤ ਵਧਾਈ।**

## ਹੁਸੀਨ ਪ੍ਰਾਹੁਣਾ - ਕੂੰਜ

ਡਾ. ਮਲਕੀਅਤ ਸਿੰਘ ਸੈਣੀ
ਡੀ.ਐੱਸ.ਸੀ.
ਪਟਿਆਲਾ



ਕੱਤਕ ਦਾ ਸੁਹਾਵਣਾ ਮਹੀਨਾ ਸ਼ੁਰੂ ਹੁੰਦਿਆਂ ਹੀ, ਹਜ਼ਾਰਾਂ ਕੋਹਾਂ 'ਤੇ ਸਥਿਤ ਤ ਸਾਇਬੇਰੀਆ ਦੇ ਬਰਫ਼ ਕੱਜੇ ਇਲਾਕਿਆਂ ਤੇ ਤਿੱਬਤ ਦੀਆਂ ਮਾਨਸਰੋਵਰ ਝੀਲਾਂ ਨਾਲ ਵਾਪਸ ਪਰਤਣ ਦਾ ਵਾਅਦਾ ਕਰ ਕੇ ਹਿਮਾਲਿਆ ਦੀ ਆਸਮਾਨ ਛੂੰਹਦੀ ਦੀਵਾਰ ਨੂੰ ਉਲੰਘ ਕੇ ਪੰਜਾਬ ਦੇ ਬੂਹੇ 'ਤੇ ਅਲਖ ਜਗਾਉਣ ਵਾਲੀਆਂ ਕੂੰਜਾਂ ਦਾ ਕੋਈ ਤਾਂ ਸਬੱਬ ਜ਼ਰੂਰ ਰਿਹਾ ਹੋਵੇਗਾ। ਪੰਜਾਬ ਦੀ ਸਰਜ਼ਿਮੀ ਨੂੰ ਮੱਕਾ ਸਮਝ ਹਰ ਸਾਲ ਸੱਜਦਾ ਕਰਨ ਵਾਲੀਆਂ ਤੇ ਇਸ ਦੀਆਂ ਝੀਲਾਂ ਅਤੇ ਦਰਿਆਵਾਂ ਦੇ ਪਵਿੱਤਰ ਪਾਣੀਆਂ ਨੂੰ ਆਪਣੇ ਮੱਥੇ ਨਾਲ ਲਾਉਣ ਵਾਲੀਆਂ ਸਲੇਟੀ ਰੰਗੀਆਂ ਕੂੰਜਾਂ ਦਾ ਪਤਾ ਨਹੀਂ ਕਿਸ ਮੁੱਦਤ ਤੋਂ ਇਸ ਤੀਰਥ ਨੂੰ ਨਤ ਮਸਤਕ ਹੋਣ ਦਾ ਸਿਲਸਿਲਾ ਨਿਰੰਤਰ ਜਾਰੀ ਰਿਹਾ ਹੈ। ਕੱਤਕ ਦੇ ਮਹੀਨੇ ਦੀਆ ਰਾਤਾਂ ਦੀ ਹਲਕੀ ਹਲਕੀ ਠੰਢ ਤਾਂ ਹੁਣ ਵੀ ਹਰ ਸਾਲ ਪਰਤ ਕੇ ਆਉਂਦੀ ਹੈ, ਲੇਕਨ ਚੰਨ ਚਾਨਣੀਆਂ ਰਾਤਾਂ ਦੀ ਨਿੰਮੀ ਨਿੰਮੀ ਰੋਸ਼ਨੀ ਵਿੱਚ ਛੋਟੇ ਵੱਡੇ ਕਾਫਲਿਆਂ ਦੀ ਸ਼ਕਲ ਧਾਰਨ ਕਰ ਇੱਕ ਸੰਗੀਤਮਈ ਆਵਾਜ਼ ਕੱਢਦੀਆਂ ਕੂੰਜਾਂ ਦੀਆਂ ਪਰਵਾਸੀ ਫੇਰੀਆਂ ਨੂੰ ਵੇਖਣ ਲਈ ਇਸ ਇਲਾਕੇ ਦੇ ਹਰ ਬਸ਼ਿੰਦੇ ਦਾ ਦਿਲ ਤਰਸਿਆ ਪਿਐ। ਕੀ ਪਤਾ ਸੀ ਕਿ ਸਦੀਆਂ ਪੁਰਾਣੀ ਮੁਹੱਬਤ ਦੀਆਂ ਐਨੀਆਂ ਪੀਢੀਆਂ ਗੰਢਾਂ ਕੁੱਝ ਸਾਲਾਂ ਦੇ ਹੇਰ-ਫੇਰ ਵਿੱਚ ਹੀ ਢਿੱਲੀਆਂ ਪੈ ਕੇ ਅਚਾਨਕ ਖੁਲ੍ਹ ਜਾਣਗੀਆਂ। ਖ਼ੈਰ! ਹੁਣ ਫਾਲਤੂ ਵਿੱਚ ਡੁਸਕਣ ਨਾਲ ਕੁਝ ਨਹੀਂ ਬਣਨ ਲੱਗਾ।ਪ੍ਰਾਹੁਣੇ ਰੋਟੀਆਂ ਦੇ ਨਹੀਂ ਪਿਆਰ ਦੇ ਭੁੱਖੇ ਹੁੰਦੇ ਹਨ, ਜਿਸਦਾ ਇਜ਼ਹਾਰ ਕਰਨ ਵਿੱਚ ਸ਼ਾਇਦ ਅਸੀਂ ਅਸਮਰਥ ਰਹੇ ਹਾਂ।

ਜਿਊਂਦਿਆਂ ਕੂੰਜਾਂ ਤਾਂ ਹੁਣ ਵੇਖਣ ਨੂੰ ਖਵਰੇ ਮਿਲਣ ਕਿ ਨਾਂ, ਕਿਸੇ ਅਜਾਇਬ ਘਰ ਵਿੱਚ ਅਗਰ ਭੂਸਾ ਭਰੀਆਂ ਵੀ ਲੱਭ ਜਾਣ ਤਾਂ ਉਨ੍ਹਾਂ ਦੀ ਪਹਿਚਾਣ ਇਉਂ ਕਰ ਲੈਣਾ: ਕੱਦ ਕਾਠ ਵਿੱਚ (110 -120 ਸੈ.ਮੀ.) ਕਾਫੀ ਹੁੰਦੜ ਹੇਲ ਇਹ ਪਰਿੰਦੇ ਮੂਲ ਰੂਪ ਵਿੱਚ ਸਲੇਟੀ ਰੰਗੇ ਹੁੰਦੇ ਹਨ। ਸਿਰ ਅਤੇ ਗਲਾ ਕਾਲੇ, ਅੱਖਾਂ ਦੇ ਪਿੱਛੇ ਇੱਕ ਚਿੱਟੇ ਰੰਗ ਦੀ ਲੰਮੀ ਚੇਪੀ ਜੋ ਅੱਖਾਂ ਦੇ ਪਿਛਵਾੜੇ ਤੋਂ ਸ਼ੁਰੂ ਹੋ ਕੇ ਗਰਦਨ ਦੇ ਦੋਵੇਂ ਪਾਸੇ ਕਾਫੀ ਦੂਰ ਹੇਠਾਂ ਤੱਕ ਜਾਂਦੀ ਹੈ, ਸਿਰ ਦੇ ਉੱਪਰ ਇੱਕ ਲਾਲ ਰੰਗ ਦਾ ਚਟਾਕ ਜੋ ਕਾਫੀ ਨੇੜੇ ਤੋਂ ਦਿਖਾਈ ਦੇਂਦਾ ਹੈ, ਤੇ ਉੱਡਣ ਵਾਲੇ ਖੰਭਾਂ ਦੇ ਕਾਲੇ ਸਿਰੇ ਇਸ ਦੀ ਫੌਰੀ ਪਹਿਚਾਉਣ ਕਰਵਾਉਂਦੇ ਹਨ।

ਬੈਠਣ ਸਮੇਂ ਤਾਂ ਇਹ ਪੰਛੀ ਆਮ ਕਰਕੇ ਖਮੋਸ਼ ਰਹਿੰਦੇ ਹਨ, ਪਰ ਉਡਣ ਵੇਲੇ ਇਹ ਕਾਫੀ ਗੂੰਜਵੀਆਂ ਤੇ ਸੰਗੀਤਮਈ ਆਵਾਜ਼ਾਂ ਕੱਢਦੇ ਹਨ। ਪੂਰੀ ਡਾਰ ਦਾ ਮੋਹਰੀ ਪੰਛੀ 'ਕਰੂ' ਦੀ ਆਵਾਜ਼ ਕੱਢਦਾ ਹੈ ਤੇ ਬਾਕੀ ਉਸ ਦੇ ਪਿੱਛੇ 'ਕਰੀਂ' ਦੀ ਆਵਾਜ਼ ਕੱਢਦੇ ਹਨ। ਸੋ ਇਹ 'ਕਰੂ-ਕਰੀਂ' ਦੀਆਂ ਲੈਅਮਈ ਆਵਾਜ਼ਾਂ ਦਾ ਸਿਲਸਿਲਾ ਰਾਤ ਨੂੰ ਸੁੱਤਿਆਂ ਹੋਇਆਂ ਤੁਹਾਡੇ ਉੱਪਰ ਦੀ ਹੋ ਕੇ ਗੁਜ਼ਰ ਜਾਂਦਾ ਹੈ। ਸਾਈਕਲ ਰੇਸ ਵਾਗੂੰ ਕਦੀ ਇੱਕ ਪੰਛੀ ਪੂਰੀ ਡਾਰ ਦੀ ਅਗਵਾਈ ਕਰਦਾ ਹੈ ਤੇ ਕਦੀ ਦੂਜਾ। ਆਕਾਸ਼ ਵਿੱਚ ਵੱਖ ਵੱਖ ਤਰ੍ਹਾਂ ਦੇ ਡਿਜ਼ਾਇਨ ਬਣਾਉਂਦੀਆਂ ਇਹ ਡਾਰਾਂ ਦੇਖਦਿਆਂ ਹੀ ਤੁਹਾਡੀਆਂ ਅੱਖਾਂ ਤੋਂ ਓਝਲ ਹੋ ਜਾਂਦੀਆਂ ਹਨ। ਇਹ ਪੰਛੀ ਮੂਲ ਰੂਪ ਵਿੱਚ ਸ਼ਾਕਾ--ਹਾਰੀ ਹਨ ਤੇ ਕਈ ਵਾਰ ਸਰਦੀ ਦੀਆਂ ਫਸਲਾਂ ਦਾ ਕਾਫੀ ਨੁਕਸਾਨ ਵੀ ਕਰਦੇ ਹਨ। ਸਵੇਰੇ ਅਤੇ ਸ਼ਾਮ ਵੇਲੇ ਇਹ ਖੁਰਾਕ ਦੀ ਭਾਲ ਵਿੱਚ ਨਿਕਲਦੇ ਹਨ ਜਦੋਂ ਕਿ ਦਿਨ ਵੇਲੇ ਇਹ ਦਰਿਆਵਾਂ ਦੇ ਕੰਢਿਆਂ, ਝੀਲਾਂ ਦੇ ਕਿਨਾਰਿਆਂ ਤੇ ਫ਼ਸਲਾਂ ਦੀਆਂ ਵੱਢਾਂ ਵਿੱਚ ਆਰਾਮ ਕਰਦੇ ਹਨ। ਇਨ੍ਹਾਂ ਦੀ ਨਸਲਕਸ਼ੀ ਦਾ ਸਮਾਂ ਇਨ੍ਹਾਂ ਦੇ ਜੱਦੀ ਇਲਾਕੇ ਵਿੱਚ ਅਪ੍ਰੈਲ ਤੋਂ ਅਗਸਤ ਤੱਕ ਚਲਦਾ ਹੈ।



ਹਿੰਦੂ ਧਰਮ ਗ੍ਰੰਥਾਂ, ਸਿੱਖ ਗੁਰੂਆਂ ਅਤੇ ਭਗਤਾਂ ਵੱਲੋਂ ਰਚੀ ਬਾਣੀ, ਲੋਕ ਬੋਲੀਆਂ, ਕਵਿਤਾਵਾਂ, ਕਹਾਣੀਆਂ, ਬੁਝਾਰਤਾਂ ਅਤੇ ਦਾਦੀ ਮਾਂ ਦੀਆਂ ਬਾਤਾਂ ਵਿੱਚ ਬੜੀ ਡੂੰਘਾਈ ਨਾਲ ਸਮਾਏ ਇਹ ਪੰਛੀ ਅਗਰ ਸੱਚੀਂ ਮੁੱਚੀਂ ਇਸ ਧਰਤੀ ਤੋਂ ਰੁਖ਼ਸਤ ਹੋ ਗਏ ਤਾਂ ਸਾਡਾ ਸਾਰੇ ਦਾ ਸਾਰਾ ਪੁਰਾਣਾ ਸਾਹਿੱਤ ਅਪਾਹਜ਼ ਜਿਹਾ ਹੋ ਕੇ ਰਹਿ ਜਾਵੇਗਾ। ਬਾਬੇ ਫਰੀਦ ਵੱਲੋਂ ਰਚਿਆਾ ਇਹ ਸ਼ਲੋਕ 'ਕੱਤਕ ਕੂੰਜਾ ਚੇਤ ਡਉ ਸਾਵਣ ਬਿਜਲੀਆਂ....' ਗੁਰੂ ਨਾਨਕ ਪਾਤਸ਼ਾਹ ਵੱਲੋਂ ਇਉਂ ਉਚਾਰਨਾ : 'ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ' .... ਤੇ ਪਿਛਲੀ ਸਦੀ ਦੇ ਸਿਰਮੌਰ ਕਵੀ ਮੋਹਨ ਸਿੰਘ ਦੀ ਇਹ ਪੰਗਤੀ, "ਲੱਖਾਂ ਕੱਤਕ ਆਏ ਲੰਘੇ ਤੇ ਲੱਖਾਂ ਕੂਜਾਂ ਮੋਈਆਂ".... ਦੇ ਭਾਵ ਅੱਜ ਕੱਲ੍ਹ ਦੇ ਵਿਦਿਆਰਥੀਆਂ ਨੂੰ ਕਿਵੇਂ ਸਮਝਾਏ ਜਾਣਗੇ। ਹਰ ਘਟਨਾ ਜਾਂ ਦੁਰਘਟਨਾ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਛੁਪਿਆ ਹੁੰਦਾ ਹੈ। ਆਓ! ਉਸ ਨੂੰ ਬਿਨਾ ਕੋਈ ਹੋਰ ਦੇਰੀ ਕੀਤਿਆਂ, ਭਾਲੀਏ, ਲੱਭੀਏ ਤੇ ਜਾਣੀਏ। ਕਿਤੇ ਇਹ ਦੇਰੀ ਮਿਹਣਾ ਜਾਂ ਤਾਹਨਾ ਨਾ ਬਣ ਜਾਵੇ।

ਤੰਦਰੁਸਤੀ ਲਈ ਯੋਗ ਸਿੱਖਿਆ

# ਯੋਗ ਆਸਣ ਕਿਵੇਂ ਕਰੀਏ ?

ਰਾਜਿੰਦਰ ਸੈਣੀ
ਰੋਪੜ



ਪਿੱਛਲੇ ਅੰਕ ਤੋਂ ਚਲਦਾ--

23ਵੇਂ ਅੰਕ 'ਚ ਯੋਗ ਦੇ ਬੈਠ ਕੇ ਕੀਤੇ ਜਾਣ ਵਾਲੇ ਆਸਣਾਂ ਬਾਰੇ ਜ਼ਿਕਰ ਸੀ। ਹੱਥਲੇ 24ਵੇਂ ਅੰਕ ਵਿੱਚ ਵੀ ਬੈਠ ਕੇ ਕੀਤੇ ਜਾਣ ਵਾਲੇ ਸੁਪਤਵਜਰ ਆਸਣ ਤੋਂ ਇਲਾਵਾ ਪੇਟ ਦੇ ਬਲ ਕੀਤੇ ਜਾਣ ਵਾਲੇ ਕੁਝ ਆਸਣਾਂ ਬਾਰੇ ਜ਼ਿਕਰ ਹੈ।

**ਸੁਪਤਵਜਰ ਆਸਣ:-** ਸੁਪਤਵਜਰ ਆਸਣ ਭਾਵ ਵਜਰ ਆਸਣ ਵਿੱਚ ਸੌਂ ਜਾਣਾ। ਲਾਭਦਾਇਕ ਆਸਣਾਂ ਵਿੱਚੋਂ ਇਹ ਸਭ ਤੋਂ ਪਹਿਲਾ ਆਉਂਦਾ ਹੈ।ਇਸ ਵਿੱਚ ਸਰੀਰ ਦੇ ਸਾਰੇ ਅੰਗਾਂ ਦਾ ਤਾਲਮੇਲ ਹੁੰਦਾ ਹੈ। ਗੋਡੇ, ਜੰਘਾਵਾਂ ਅਤੇ ਕਟੀ-ਪ੍ਰਦੇਸ਼ ਸਭ ਤੋਂ ਜਿਆਦਾ ਪ੍ਰਭਾਵਿਤ ਹੁੰਦਾ ਹੈ।ਪਿੱਠ ਧਰਤੀ ਨਾਲ ਲਗੱਣ ਕਾਰਨ ਪੁਰੀ ਰੀੜ੍ਹ ਪ੍ਰਭਾਵਿਤ ਹੁੰਦੀ ਹੈ। ਹੱਥਾਂ ਨੂੰ ਸਿਰ ਵੱਲ ਖਿਚਣ ਕਾਰਨ ਰੀੜ੍ਹ ਦੰਡ ਪੂਰਾ ਖਿਚਾਅ ਸੁਭਾਵਿਕ ਹੁੰਦਾ ਹੈ। ਇਸ ਨਾਲ ਦਿਲ ਦੀ ਗਤੀ ਵਿੱਚ ਕਮੀ ਆਉਂਦੀ ਹੈ ਅਤੇ ਉਚ ਰਕਤਚਾਪ ਦਾ ਮਾੜਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ।ਗੋਡੇ, ਜੰਘਾਵਾਂ ਅਤੇ ਪੇਡੂ ਦੇ ਭਾਗ ਬਹੁਤ ਜ਼ਿਆਦਾ ਖਿੱਚਣ ਦੇ ਕਾਰਨ ਇਹ ਅੰਗ ਪੁਸ਼ਟ ਹੋ ਜਾਂਦੇ ਹਨ। ਅੰਗਾਂ ਵਿੱਚ ਖ਼ੂਨ ਦਾ ਸੰਚਾਰ ਠੀਕ ਮਾਤਰਾ ਵਿੱਚ ਹੋਣ ਲੱਗਦਾ ਹੈ। ਮਹਿਲਾਵਾਂ ਲਈ ਇਹ ਆਸਣ ਬਹੁਤ ਉਪਯੋਗੀ ਹੈ। ਇਸਦੇ ਅਭਿਆਸ ਨਾਲ ਉਨ੍ਹਾਂ ਨੂੰ ਪ੍ਰਜਣਨ ਪੀੜਾ ਨਹੀਂ ਹੁੰਦੀ। ਦੋਨਾਂ ਹੱਥਾਂ ਨੂੰ ਸਿਰ ਵੱਲ ਖਿਚਣ ਨਾਲ ਰੀੜ੍ਹ ਦੇ ਸਰਵਾਈਕਲ ਭਾਗ ਵਿੱਚ ਖ਼ੂਨ ਦੀ ਪੂਰਤੀ ਹੁੰਦੀ ਹੈ। ਨਾਭੀ ਨੂੰ ਠੀਕ ਸਥਾਨ ਤੇ ਸਥਿਰ ਕਰਨ ਲਈ ਇਹ ਆਸਣ ਉਪਯੋਗੀ ਹੈ। ਸਾਹ, ਛਾਤੀ, ਕਮਰ, ਪੈਰ, ਗਲੇ ਦੇ ਰੋਗ ਵਿੱਚ ਵੀ ਇਹ ਆਸਣ ਉਪਯੋਗੀ ਹੈ।

**ਵਿਧੀ-** ਵਜਰ ਆਸਣ ਵਿੱਚ ਬੈਠੋ। ਪੈਰ ਸੱਜੇ-ਖੱਬੇ ਖੋਲ੍ਹ ਕੇ ਰੱਖੋ ਅਤੇ ਵਿਚਕਾਰਲੇ ਥਾਂ ਤੇ ਬੈਠ ਜਾਓ। ਪੰਜੇ ਜਮੀਨ ਨਾਲ ਲੱਗੇ ਰਹਿਣ-ਗਿਟਿੱਆਂ ਨੂੰ ਪਕੜ ਲਓ। ਪਹਿਲਾ ਸੱਜੀ ਕੂਹਣੀ ਆਸਣ ਉਤੇ ਟਿਕਾਓ। ਫਿਰ ਖੱਬੀ ਕੂਹਣੀ ਨੂੰ ਟਿਕਾਉਂਦੇ ਹੋਏ ਕਮਰ ਨੂੰ ਵੀ ਆਸਣ ਉਤੇ ਲੱਗਾ ਦਿਓ। ਧਿਆਨ ਰਹੇ ਕਿ ਗੋਡੇ ਆਪਸ ਵਿੱਚ ਮਿਲੇ ਰਹਿਣ। ਦੋਨੇਂ ਹੱਥਾਂ ਨੂੰ ਸਾਹ ਭਰਦੇ ਹੋਏ ਸਿਰ ਵੱਲ ਤਾਣੋ ਅਤੇ ਕੂਹਣੀ ਤੇ ਹੱਥਾਂ ਦਾ ਪੁਠਾ ਪਾਸਾ ਆਸਣ ਉਤੇ ਹੋਵੇ। ਫਿਰ ਦੋਨੇਂ ਹੱਥਾਂ ਨੂੰ ਸਿਰ ਥੱਲੇ ਰੱਖ ਲਓ। ਸਾਹ ਸਮਾਨ ਰੱਖੋ। ਫਿਰ ਗਿੱਟੇ ਪਕੜੋ। ਸੱਜੀ ਕੂਹਣੀ ਦਾ ਸਹਾਰਾ ਲੈ ਕੇ ਉਠੋ। ਵਜਰ ਆਸਣ ਵਿੱਚ ਬੈਠੋ। ਇਸ ਆਸਣ ਵਿੱਚ ਧਿਆਨ ਦੇਣ ਦੀ ਵਿਸ਼ੇਸ਼ ਗੱਲ ਹੈ ਕਿ ਪੂਰੀ ਸਥਿਤੀ ਵਿੱਚ ਦੋਨੇ ਗੋਡੇ ਮਿਲ ਜਾਣ ਅਤੇ ਕਮਰ ਜ਼ਿਆਦਾ ਤੋਂ ਜ਼ਿਆਦਾ ਜ਼ਮੀਨ ਨਾਲ ਲੱਗ ਜਾਏ। ਧਿਆਨ ਦਾ ਕੇਂਦਰ- ਅਨਾਹਦ ਚੱਕਰ।

## ਪੇਟ ਦੇ ਬਲ ਕੀਤੇ ਜਾਣ ਵਾਲੇ ਕੁਝ ਆਸਣ:

**ਸ਼ਿਥਿਲ ਆਸਣ:-** ਜਿਸ ਤਰ੍ਹਾਂ ਦਾ ਇਸ ਦਾ ਨਾਮ ਹੈ, ਉਸੇ ਤਰ੍ਹਾਂ ਦਾ ਹੀ ਇਸ ਦਾ ਗੁਣ ਹੈ। ਇਸ ਆਸਣ ਦਾ ਇਹੀ ਚਮਤੱਕਾਰ ਹੈ ਕਿ ਇਸ ਸਥਿਤੀ ਵਿੱਚ ਆਉਂਦੇ ਹੀ ਸੰਪੂਰਣ ਸਰੀਰ ਵਿੱਚ ਸਿਥਿਲਤਾ ਦਾ ਅਨੁਭੱਵ ਹੋਣ ਲੱਗਦਾ ਹੈ। ਇਹ ਆਸਣ ਬਹੁਤ ਹੀ ਉਪਯੋਗੀ ਹੈ, ਇਸ ਨਾਲ ਥਕਾਨ ਦੂਰ ਹੁੰਦੀ ਹੈ ਅਤੇ ਇਸ ਦੇ ਬਾਅਦ ਅਗਲੇ ਆਸਣ ਨੂੰ ਕਰਨ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਅਨਿੰਦਾ ਰੋਗ ਨੂੰ ਸਮਾਨ ਸਥਿਤੀ ਵਿੱਚ ਲਿਆਉਂਦਾ ਹੈ।

**ਵਿਧੀ-**ਆਪਣੇ ਆਸਣ 'ਤੇ ਪੇਟ ਦੇ ਬਲ ਲੇਟ ਜਾਓ। ਸ਼ਜਾ ਕੰਨ ਜ਼ਮੀਨ ਉਤੇ ਲਗਾਉਂਦੇ ਹੋਏ ਸੱਜੀ ਬਾਹ ਸਰੀਰ ਨਾਲ ਲਗਾਕੇ ਲੱਤ ਵੀ ਸਿੱਧੀ ਕਰ ਲਓ। ਪੈਰ ਦਾ ਪੰਜਾ ਵੀ ਸਿੱਧਾ। ਖੱਬਾ ਹੱਥ, ਖੱਬਾ ਪੈਰ ਮੁੜਿਆ ਹੋਇਆ, 90 ਦਾ ਕੋਣ ਬਣਾਂਦੇ ਹੋਏ।ਖੱਬੇ ਪੈਰ ਦੀ ਅੱਡੀ ਸੱਜੇ ਗੋਡੇ ਨਾਲ ਸਪੱਰਸ਼ ਕਰੇ। ਦੋਨੋਂ ਮੋਢੇ ਇੰਨੇ ਢਿੱਲੇ ਹੋਣ ਕਿ ਫੇਫੜੇ ਜ਼ਮੀਨ ਨਾਲ ਸਪੱਰਸ਼ ਕਰਨ। ਸਾਹ ਸਮਾਨ ਹੋਵੇ। ਕੁਝ ਦੇਰ ਇਸ ਸਥਿਤੀ ਵਿੱਚ ਰੁਕਣ ਤੋਂ ਬਾਅਦ ਦੂਜੇ ਪਾਸੇ ਵੀ ਇਹੀ ਕਿਰਿਆ ਕਰੋ। ਪੇਟ ਦੇ ਬਲ ਕੀਤੇ ਜਾਣ ਵਾਲੇ ਆਸਣਾਂ ਵਿੱਚ ਹਰ ਆਸਣ ਤੋਂ ਬਾਅਦ ਕ੍ਰਮਵਾਰ ਇਸ ਨੂੰ ਕਰੋ। ਇੱਕ ਵਾਰ ਸੱਜੇ ਅਤੇ ਇੱਕ ਵਾਰ ਖੱਬੇ ਪਾਸੇ।

**ਸ਼ਰਪ ਆਸਣ:-**ਨੌਜਵਾਨ ਵਰਗ ਦੇ ਲੜਕੇ-ਲੜਕੀਆਂ ਨੂੰ ਫੁਰਤੀਲਾ ਬਣਾਉਣ ਦੇ ਲਈ ਯੋਗ ਵਿਚ ਬਹੁਤ ਕੁਝ ਹੈ। ਇਸੇ ਤਰ੍ਹਾਂ ਦਾ ਪ੍ਰਭਾਵ ਸ਼ਰਪ ਆਸਣ ਦਾ ਪੈਂਦਾ ਹੈ। ਇਸ ਨਾਲ ਪੇਟ ਦੇ ਅੰਗਾਂ ਦੀ ਬਹੁਤ ਸੁੰਦਰ ਢੰਗ ਨਾਲ ਮਾਲਿਸ਼ ਹੁੰਦੀ ਹੈ। ਕਬਜ਼ ਟੁਟਦੀ ਹੈ ਤੇ ਭੁੱਖ ਵੱਧਦੀ ਹੈ। ਜੰਘਾਵਾਂ ਅਤੇ ਫੇਫੜੇ ਉਤੇ ਵਿਸ਼ੇਸ਼ ਪ੍ਰਭਾਵ ਪੈਂਦਾ ਹੈ. ਦੋਨੋਂ ਹੱਥ ਪਿਛੇ ਵੱਲ ਹੋਣ ਨਾਲ ਛਾਤੀ ਚੌੜੀ ਹੁੰਦੀ ਹੈ ਅਤੇ ਕੰਧੇ ਮਜ਼ਬੂਤ ਹੁੰਦੇ ਹਨ। ਵਾਧੂ ਚਰਬੀ ਘਟਦੀ ਹੈ ਤੇ ਪੂਰੇ ਸ਼ਰੀਰ ਦਾ ਸੰਤੁਲਨ ਵੀ ਬਣਦਾ ਹੈ।

**ਵਿਧੀ-**ਪੇਟ ਦੇ ਬਲ ਲੇਟ ਜਾਓ। ਦੋਨੋਂ ਹੱਥਾਂ ਨੂੰ ਕਮਰ ਉਤੇ ਇਸ ਪ੍ਰਕਾਰ ਲਿਆਓ ਕਿ ਉਂਗਲੀਆਂ ਆਪਸ ਵਿੱਚ ਗੁੰਦ ਜਾਣ। ਅੰਗੂਠੇ ਇੱਕ ਦੂਜੇ ਦੇ ਸਮਾਨਅੰਤਰ ਰੀੜ੍ਹ ਦੇ ਹੇਠਲੇ ਭਾਗ ਵਿੱਚ ਸਥਿਤ ਹੋਣ। ਦੋਨੋਂ ਅੱਠੀਆਂ ਤੇ ਪੰਜੇ ਮਿਲਾਓ. ਪੰਜੇ ਤਾਣੋ। ਬਿਨ੍ਹਾਂ ਗੋਢੇ ਮੋੜੇ ਸਾਹ ਭਰਦੇ ਹੋਏ ਆਗੇ ਤੋਂ ਧੜ ਅਤੇ ਪਿੱਛੇ ਤੋਂ ਲੱਤਾਂ ਉੱਪਰ ਚੁੱਕੋ। ਕੇਵਲ ਪੇਟ ਜ਼ਮੀਨ ਉਤੇ ਰਹੇ। ਸਾਹ ਭਰ ਕੇ ਰੋਕਦੇ ਹੋਏ ਸੱਜੇ ਖੱਬੇ ਜ਼ਮੀਨ ਉਤੇ ਡੋਲੋ। ਜਦ ਤੱਕ ਸਾਹ ਟੁੱਟੇ ਨਹੀਂ ਉਦੋ ਤੱਕ ਡੋਲੋ। ਜੇ ਸਾਹ ਲੈਣਾ ਜਰੂਰੀ ਹੋਏ ਤਾਂ ਕਰਵਟ ਦੀ ਬਲ ਹੀ ਸਾਹ ਭਰੋ, ਨ ਕਿ ਸਾਹਮਣੇ ਦੀ ਅਵਸਥਾ ਵਿੱਚ। ਹੌਲੀ ਹੌਲੀ ਵਾਪਸ ਆਓਣ ਤੇ ਖੱਬੇ ਪਾਸੇ ਸ਼ਿਥਿਲ ਆਸਣ ਕਰੋ। ਇਸ ਵਿਚ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਪੈਰਾਂ ਨੂੰ ਉਪਰ ਚੁਕਦੇ ਸਮੇਂ ਗੋਡੇ ਨਾ

ਮੁੜਨ। ਸਾਹ ਕੇਵਲ ਕਰਵਟ ਬਲ ਹੀ ਭਰੋ।

**ਨੌਕਾ ਆਸਣ:-** ਇਸ ਆਸਣ ਵਿੱਚ ਨੌਕਾ (ਬੇੜੀ) ਦੇ ਸਮਾਨ ਸਥਿਤੀ ਬਣਦੀ ਹੈ। ਇਸ ਲਈ ਇਸ ਦਾ ਨਾਮ ਨੌਕਾ ਆਸਣ ਹੈ। ਪੇਟ ਦੇ ਅੰਗਾਂ ਦੀ ਆਂਤਰਿਕ ਮਾਲਿਸ਼ ਦੀ ਲੜੀ ਵਿੱਚ ਇਹ ਆਸਣ ਇਕ ਮਹਤੱਵਪੂਰਨ ਭੂਮਿਕਾ ਨਿਭਾਂਉਦਾ ਹੈ। ਮੋਟਾਪਾ ਦੂਰ ਕਰਨ ਅਤੇ ਚੁਸਤੀ ਲਿਆਉਣ ਵਿੱਚ ਵੀ ਸਹਾਇਕ ਹੈ। ਇਸਦਾ ਪੈਨਕਿਰਿਆਜ਼ ਤੇ ਸੁੰਦਰ ਪ੍ਰਭਾਵ ਪੈਂਦਾ ਹੈ। ਲੀਵਰ ਦੇ ਕੰਮਾਂ ਵਿੱਚ ਆਉਣ ਵਾਲੀ ਰੁਕਾਵਟ ਮਿਟਦੀ ਹੈ। ਜਰ ਅਗਨੀ ਤੇਜ਼ ਹੁੰਦੀ ਹੈ। ਨਾਭੀ ਦੇ ਉਪਰ ਦਾ ਦਰਦ ਅਤੇ ਪੇਟ ਦੇ ਹੋਰ ਵਿਕਾਰਾਂ ਨੂੰ ਠੀਕ ਕਰਨ ਵਿੱਚ ਉਪਯੋਗੀ ਹੈ। ਹੱਥ, ਮੋਢੇ, ਜੰਘਾਵਾਂ, ਪਿੰਜਣੀਆਂ ਤੇ ਛਾਤੀ ਸਭ ਅੰਗ ਪੁਸ਼ਟ ਹੁੰਦੇ ਹਨ। ਮੋਟਾਪਾ ਘਟਦਾ ਹੈ।

**ਵਿਧੀ-** ਪੇਟ ਦੇ ਬਲ ਲੇਟ ਜਾਓ। ਹੱਥਾਂ ਨੂੰ ਸਿਰ ਦੇ ਵੱਲ ਲੈ ਜਾਓ। ਪੰਜੇ ਅਤੇ ਅੱਡੀ ਮਿਲਾਉ, ਪੰਜੇ ਤਾਣੋ। ਸਾਹ ਭਰਦੇ ਹੋਏ ਪਿਛੋਂ ਦੀ ਦੋਨਾਂ ਟੰਗਾਂ ਨੂੰ ਬਿਨਾਂ ਗੋਡੇ ਮੋੜੇ ਉਤੇ ਚੁੱਕੋ ਅਤੇ ਅੱਗੇ ਤੋਂ ਹੱਥ ਵੀ ਉਤੇ ਚੁੱਕੋ। ਸਰੀਰ ਦੇ ਭਾਰ ਨੂੰ ਨਾਭੀ ਉਤੇ ਕੇਂਦਰਿਤ ਕਰ ਲਓ। ਕਿਸ਼ਤੀ ਦੇ ਸਮਾਨ ਅੱਗੇ ਪਿੱਛੇ ਐਨੀ ਦੇਰ ਡੋਲੋ ਜਦ ਤਾਕ ਸਾਹ ਰੁਕਿਆ ਰਹੇ। ਆਸਣ ਦੀ ਪੂਰੀ ਪ੍ਰਕਿਰਿਆ ਵਿੱਚ ਪੈਰਾਂ ਉੱਤੇ ਹੱਥਾਂ ਦਡ ਖਿਚਾਅ ਘੱਟ ਨਾ ਹੋਵੇ। ਵਾਪਸ ਆਓ ਓਤੇ ਸਿਥਿਲ ਆਸਣ ਕਰੋ।

**ਭੁਜੰਗ ਆਸਣ:-** ਫਨ ਚੁਕਦੇ ਸੱਪ ਜਿਹੀਂ ਸਥਿਤੀ ਇਸ ਆਸਣ ਵਿੱਚ ਬਣਦੀ ਹੈ ਇਸ ਲਈ ਇਸ ਦਾ ਨਾਮ ਭੁਜੰਗ ਆਸਣ ਹੈ। ਸੱਪ ਦਾ ਸਰੀਰ ਲਚੀਲਾ ਹੁੰਦਾ ਹੈ। ਇਸ ਆਸਣ ਵਿੱਚ ਵੀ ਇਹੀ ਲਾਭ ਮਿਲਦਾ ਹੈ।ਇਹ ਆਸਣ ਕਰਨ ਨਾਲ ਗਰਦਨ ਪਿਛੇ ਮੋੜ ਕੇ ਜ਼ਿਆਦਾ ਉਪਰ ਉਠਾਈ ਜਾ ਸਕਦੀ ਹੈ।ਜਿਸਦੇ ਫਲਸਰੂਪ ਸਰਵਾਈਕਲ ਖੂਨ ਨਾਲ ਪੋਸ਼ਟਿਕ ਹੋ ਕੇ ਉਸ ਭਾਗ ਨੂੰ ਹੋਰ ਲਚੀਲਾ ਅਤੇ ਤੰਦਰੁਸਤ ਬਣਾ ਦਿੰਦਾ ਹੈ। ਭੁਜੰਗ ਆਸਣ ਦੇ ਅਭਿਆਸ ਨਾਲ ਮਹਿਲਾਵਾਂ ਦੇ ਸਰਵਾਈਕਲ ਦਾ ਦਰਦ ਕੁਝ ਦਿਨਾਂ ਵਿੱਚ ਹੀ ਸਮਾਪਤ ਹੋ ਸਕਦਾ ਹੈ। ਨਾਲ ਹੀ ਮਾਸਿਕ ਧਰਮ ਸਬੰਧੀ ਅਨਿਯਮਤਾਵਾਂ ਵੀ ਦੂਰ ਹੁੰਦੀਆ ਹਨ। ਰੀੜ੍ਹ ਜੋ ਸਾਡੇ ਸਰੀਰ ਦਾ ਮਹਾਤਵਪੂਰਨ ਅੰਗ ਹੈ ਅਤੇ ਦਿਮਾਗ ਦਾ ਵਿਸਥਾਰਕ ਅੰਗ ਹੈ। ਉਹ ਵੀ ਇਸ ਆਸਣ ਵਿੱਚ ਪੂਰਣ ਰੂਪ ਵਿੱਚ ਪ੍ਰਭਾਵਿਤ ਹੁੰਦੀ ਹੈ। ਰੀੜ੍ਹ ਦੇ ਮਣਕਿਆਂ ਦਾ ਦੂਰ ਹੋਣਾ ਜਾਂ ਮਿਲਣਾ, ਖਿਸਕਣਾ ਆਦਿ ਸਾਰੇ ਦੋਸ਼ ਦੂਰ ਹੋ ਜਾਂਦੇ ਹਨ। ਇਸ ਆਸਣ ਨਾਲ ਰੀੜ੍ਹ ਲਚੀਲੀ ਬਣਦੀ ਹੈ ਜਿਸ ਨਾਲ ਸਰਵਾਈਕਲ ਜਾਂ ਸਲਿਪ ਡਿਸਕ, ਪਿਠ ਦਰਦ ਜਿਹੇ ਕਸ਼ਟਦਾਇਕ ਰੋਗ ਕੁਝ ਦਿਨਾਂ ਵਿੱਚ ਹੀ ਦੂਰ ਹੋ ਜਾਂਦੇ ਹਨ। ਸ਼ੁਗਰ, ਗੁਰਦੇ, ਖਾਂਸੀ, ਦਮਾ, ਅਤੇ ਪੇਟ ਦੇ ਰੋਗਾਂ ਵਿੱਚ ਲਾਭ ਪਹੁੰਚਦਾ ਹੈ ਅਤੇ ਪਾਚਨ ਸ਼ਕਤੀ ਵਧਦੀ ਹੈ। ਮਹਿਲਾਵਾਂ ਦੀ ਬੱਚੇਦਾਨੀ ਸਹੀ ਸਥਾਨ ਉਤੇ ਲਿਆਉਣ ਵਿੱਚ ਸਹਾਇਕ ਹੈ ਤੇ ਮਾਸਿਕ ਮਾਹਵਾਰੀ ਨੂੰ ਠੀਕ ਕਰਦਾ ਹੈ। ਗਲੇ ਸਬੰਧੀ ਦੋਸ਼- ਟਾਂਸਿਲ ਆਦਿ ਵਿੱਚ ਲਾਭ ਪਹੁੰਚਾਉਂਦਾ ਹੈ। ਸਾਹ ਭਰ ਕੇ ਗਰਦਨ ਨੂੰ ਪਿਛੇ ਵੱਲ ਮੋੜਣ ਨਾਲ ਆਕਾਸ਼ ਤੱਤ ਦਾ ਨਿਰਮਾਣ ਹੁੰਦਾ ਹੈ ਤੇ ਸਰੀਰ ਉਰਜ਼ਾ ਵਿੱਚ ਵਾਧਾ ਹੁੰਦਾ ਹੈ। ਦਿਮਾਗ ਦੇ ਸੰਕੇਤ ਅਤੇ ਅਨੈਤਿੱਕ ਕਿਰਿਆਵਾਂ ਸੁਚਾਰੂ ਰੂਪ ਵਿੱਚ ਹੋਣ ਲਈ ਸਹਾਇਤਾ ਮਿਲਦੀ ਹੈ।

**ਵਿਧੀ-**ਆਸਣ ਉਤੇ ਪੇਟ ਬਲ ਲੇਟ ਜਾਓ। ਦੋਨਾਂ ਪੈਰਾਂ ਦੀਆਂ ਅੱਠੀਆ ਅਤੇ ਪੰਜਿਆਂ ਨੂੰ ਮਿਲਾ ਕੇ, ਲਿਟਾ ਕੇ ਤਣਾਅ ਦਿਓ। ਦੋਨੋਂ ਹੱਥਾਂ ਨੂੰ ਮੋੜ ਕੇ ਠੋਡੀ ਦੇ ਸੱਜੇ-ਖੱਬੇ ਇੰਨੀ ਦੂਰ ਰੱਖੋ ਜਿੰਨੀ ਮੋਢਿਆਂ ਦੀ ਚੌੜਾਈ। ਕੂਹਣੀਆਂ ਜ਼ਿਆਦਾ ਤੋਂ ਜ਼ਿਆਦਾ ਪਿਛੇ ਵੱਲ ਰੱਖੋ। ਕੂਹਣੀਆਂ ਸਰੀਰ ਨਾਲ ਲੱਗੀਆਂ ਹੋਈਆਂ ਅਤੇ ਜ਼ਮੀਨ ਉਤੇ ਹੀ ਰਹਿਣ। ਮੱਥਾ ਜ਼ਮੀਨ ਨਾਲ ਲੱਗਾ ਦਿਓ। ਗਰਦਨ ਨੂੰ ਪਿਛੇ ਵੱਲ ਇੰਨਾ ਮੋੜੋ ਕਿ ਸਿਰ ਦਾ ਪਿਛਲਾ ਭਾਗ ਰੀੜ੍ਹ ਨਾਲ ਲੱਗ ਜਾਏ। ਹੁਣ ਹੌਲੀ ਹੌਲੀ ਸਾਹ ਭਰਦੇ ਹੋਏ ਧੜ ਨੂੰ ਉਪਰ ਚੁੱਕ ਦਿਓ। ਕੂਹਣੀਆਂ ਥੋੜ੍ਹੀਆਂ ਉਠ ਜਾਣਗੀਆਂ। ਸਾਹ ਨੂੰ ਸਮਾਨ ਕਰ ਲਵੋ। ਪੇਡੂ ਉਤੇ ਭਾਰ ਪਏਗਾ। ਸਿਰਫ ਹਥੇਲੀਆਂ ਆਸਣ ਉਤੇ ਸੱਪਰਸ ਕਰਨਗੀਆਂ। ਵਾਪਸ ਆਓ ਤੇ ਸਾਹ ਛੱਡਦੇ ਹੋਏ ਧੜ ਨੂੰ ਹੌਲੀ ਹੌਲੀ ਹੇਠਾਂ ਲਿਆਓ। ਪੂਰਾ ਧੜ ਜ਼ਮੀਨ ਤੇ ਲੱਗਾਓਣ ਦੇ ਬਾਅਦ ਮੱਥਾ ਵੀ ਜ਼ਮੀਨ ਉਤੇ ਲੱਗਾ ਦਿਓ।ਬਾਅਦ ਵਿੱਚ ਸ਼ਿਥਿਲ ਆਸਣ ਵਿੱਚ ਵਿਸ਼ਰਾਮ ਕਰੋ। ਧਿਆਨ ਦਾ ਕੇਂਦਰ-ਵਿਸ਼ੁਧੀ ਚੱਕਰ।

ਇਸ ਆਸਣ ਵਿੱਚ ਵਿਸ਼ੇਸ਼ ਗੱਲ ਇਹ ਹੈ ਕਿ ਜਿੰਨੀ ਦੇਰ ਵਿੱਚ ਇਸ ਆਸਣ ਦੀ ਪੂਰੀ ਸਥਿਤੀ ਨੂੰ ਗ੍ਰਹਿਣ ਕਰੋ ਉਨੀ ਦੇਰ ਵਿੱਚ ਪੂਰਾ ਸਾਹ ਭਰ ਜਾਏ।ਆਸਣ ਨੂੰ ਕਰਦੇ ਸਮੇਂ ਦੋ ਗਤੀਆਂ ਨਿਸ਼ਚਿਤ ਰੂਪ ਵਿਾਚ ਹੋਣੀਆਂ ਚਾਹੀਦੀਆਂ ਹਨ, (ੳ) ਗਰਦਨ ਦਾ ਪਿਛੇ ਮੋੜਨਾ (ਅ) ਧੜ ਦਾ ਉਪਰ ਚੁੱਕਣਾ। ਇਸੇ ਤਰਾਂ ਵਾਪਿਸ ਆਉਂਦੇ ਸਮੇਂ ਵੀ ਦੋ ਗਤੀਆਂ ਹੋਣਗੀਆਂ (ੳ) ਧੜ ਪਹਿਲਾ ਵਾਪਿਸ ਲਿਆਓ (ਅ) ਫਿਰ ਮੱਥਾ ਵਾਪਿਸ ਲਿਆਓਣਾ। ਧੜ ਨੂੰ ਵਾਪਿਸ ਕਰਦੇ ਸਮੇਂ ਗਰਦਨ ਨਾ ਝੁਕੇ। ਗਰਦਨ ਪਿਛੇ ਵੱਲ ਰਹੇ। ਆਸਣ ਕਰਦੇ ਸਮੇਂ ਹਥੇਲੀਆਂ ਉਤੇ ਦਬਾਅ ਘੱਟ ਤੋਂ ਘੱਟ ਰੱਖੋ। ਹੋ ਸਕੇ ਤਾਂ ਪੇਡੂ ਦੇ ਬਲ ਉਠਣ ਦੀ ਕੋਸ਼ਿਸ ਕਰੋ। ਆਸਣ ਕਰਦੇ ਸਮੇਂ ਅੱਡੀਆਂ ਬਿਲਕੁਲ ਨਾ ਖੁਲ੍ਹਣ ਅਤੇ ਨਾ ਹੀ ਪੰਜੇ ਦਾ ਖਿਚਾਅ ਘੱਟ ਹੋਵੇ।

**ਨੋਟ-** ਹਰਨੀਆਂ ਦੇ ਰੋਗੀ ਨੂੰ ਭੁਜੰਗ ਆਸਣ ਨਹੀਂ ਕਰਨਾ ਚਾਹੀਦਾ।

**ਸ਼ਲਭ ਆਸਣ:-** ਸਰੀਰ ਦੀ ਸ਼ਲਭ (ਟਿਡੇ) ਵਰਗੀ ਸਥਿਤੀ ਬਣਨ ਨਾਲ ਇਸ ਆਸਣ ਦਾ ਨਾਮ ਸ਼ਲਭ ਆਸਣ ਹੈ। ਇਸ ਨਾਲ ਪੇਡੂ ਦੇ ਅੰਗ ਪ੍ਰਭਾਵਿਤ ਹੁੰਦੇ ਹਨ। ਰੀੜ੍ਹ ਦਾ ਹੇਠਲਾ ਹਿੱਸਾ, ਜੋ ਸਭ ਤੋਂ ਜ਼ਿਆਦਾ ਸ਼ਖਤ ਹੁੰਦਾ ਹੈ, ਵਿਸ਼ਰਾਮ ਵਿੱਚ ਜਾਣ ਨਾਲ ਲਚਕੀਲਾ ਅਤੇ ਪੁਸ਼ਟ ਹੁੰਦਾ ਹੈ। ਰੀੜ੍ਹ ਦੇ ਸਾਰ ਵਿਕਾਰ ਮੁੱਖ ਤੌਰ ਤੇ ਸਰਵਾਈਕਲ, ਸਲਿਪ

ਡਿਸਕ, ਕਮਰ ਦਰਦ ਆਦਿ ਦੂਰ ਹੁੰਦੇ ਹਨ। ਪੇਡੂ ਜ਼ਿਆਦਾ ਤੋਂ ਜ਼ਿਆਦਾ ਉਪਰ ਚੁਕਣ ਨਾਲ ਸਰੀਰ ਦੇ ਹੇਠਲੇ ਭਾਗਾਂ ਵਿੱਚ ਸਥਿਤ ਸ਼ਕਤੀ ਦੀ ਕਿਰਿਆ ਮਸਤਾਕ ਵੱਲ ਹੁੰਦੀ ਹੈ। ਜਿਸ ਨਾਲ ਉਪਰਲੇ ਅੰਗ ਪੁਸ਼ਟ ਹੁੰਦੇ ਹਨ। ਵਾਤ-ਪਿਤ-ਕਫ ਦੇ ਰੋਗ ਸ਼ਾਤ ਹੁੰਦੇ ਹਨ। ਫੇਫੜੇ ਅਤੇ ਹਿਰਦਾ ਮਜ਼ਬੂਤ ਹੁੰਦਾ ਹੈ।

ਵਿਧੀ- ਪੇਟ ਬਲ ਆਸਣ ਉਤੇ ਲੇਟ ਜਾਓ।ਦੋਨੋਂ ਕੂਹਣੀਆਂ ਪੇਟ ਦੇ ਹੇਠਾਂ ਨੇੜੇ ਤੋਂ ਨੇੜੇ ਅਤੇ ਹਥੇਲੀਆਂ ਜੰਘਾਵਾਂ ਦੇ ਹੇਠਾਂ ਕਰ ਲਓ। ਹਥੇਲੀਆਂ ਦਾ ਰੁਖ ਆਸਣ ਵੱਲ ਹੋਏ। ਦੋਨੋਂ ਪੈਰਾਂ ਦੀਆਂ ਅੱਡੀਆਂ ਅਤੇ ਪੰਜਿਆਂ ਨੂੰ ਮਿਲਾਓ, ਪੰਜੇ ਤਾਣੋ। ਠੋਡੀ ਜ਼ਮੀਨ ਉਤੇ ਲੱਗਾਓ। ਸਾਹ ਭਰਕੇ, ਬਿਨਾਂ ਗੋਡੇ ਮੋੜੇ, ਪੈਰਾਂ ਨੂੰ ਉਪਰ ਤੋਂ ਉਪਰ ਚੁੱਕੋ। ਸਾਹ ਨੂੰ ਸਮਾਨ ਕਰ ਲਓ। ਹੋਲੀ ਹੋਲੀ ਵਾਪਸ ਆਓ। ਸ਼ਿਥਿਲ ਆਸਣ ਵਿੱਚ ਵਿਸ਼ਰਾਮ ਕਰੋ। ਧਿਆਨ ਦਾ ਕੇਂਦਰ- ਸਵਾਧਿਸ਼ਠਾਨ ਚੱਕਰ।

ਧਨੁਰ ਆਸਣ:- ਸਰੀਰ ਦੀ ਸਥਿਤੀ ਧਨੁਸ਼ ਦੇ ਸਮਾਨ ਬਣਾਓਣ ਨਾਲ ਇਸ ਆਸਣ ਦਾ ਨਾਮ ਧਨੁਰ ਆਸਣ ਹੈ। ਇਸ ਆਸਣ ਨਾਲ ਸਾਡੇ ਮਹਾਤਵਪੂਰਣ ਅੰਗ-ਪਿਠ ਅਤੇ ਪੇਟ ਵਿਸ਼ੇਸ਼ ਰੂਪ ਨਾਲ ਪ੍ਰਭਾਵਿਤ ਹੁੰਦੇ ਹਨ। ਗੋਡਿਆਂ ਦੇ ਉਪਰ ਅਤੇ ਪੇਟ ਦੀਆਂ ਮਾਸਪੇਸ਼ੀਆਂ ਜ਼ਿਆਦਾ ਸਿਹਤਮੰਦ ਹੁੰਦੀਆਂ ਹਨ। ਵਿਸ਼ੇਸ਼ ਤੌਰ ਤੇ ਮਹਿਲਾਵਾਂ ਦੇ ਗਰਭਸਥਾਨ ਮਾਸਿਕ ਧਰਮ ਦੀ ਅਨਿਯਮਿਤਾ ਦੂਰ ਹੁੰਦੀ ਹੈ।ਮੇਰੂ ਦੰਡ ਉਤੇ ਪ੍ਰਭਾਵ ਆਓਣ ਨਾਲ ਉਹ ਲਚੀਲਾ ਬਣਦਾ ਹੈ। ਰੀੜ੍ਹ ਦੇ ਹੇਠਲੇ ਭਾਗ ਦੀ ਸਖਤੀ ਇਸ ਨਾਲ ਘੱਟ ਹੁੰਦੀ ਹੈ। ਗਰਦਨ, ਗੋਢੇ, ਬਾਂਹਵਾਂ, ਫੇਫੜੇ, ਪਸਲੀਆਂ, ਪੱਟ, ਪੈਰਾਂ ਦੀਆਂ ਮਾਸਪੇਸ਼ੀਆਂ ਅਤੇ ਨਸ-ਨਾੜੀਆਂ ਪੁਸ਼ਟ ਹੁੰਦੀਆਂ ਹਨ। ਇਸ ਨਾਲ ਕਮਰ ਪਤਲੀ ਹੁੰਦੀ ਹੈ। ਨਾਭੀ ਠੀਕ ਸਥਾਨ ਤੇ ਆਉਂਦੀ ਹੈ ਅਤੇ ਮੋਟਾਪਾ ਘਟਦਾ ਹੈ। ਪਾਚਨ ਕਿਰਿਆ ਠੀਕ ਹੁੰਦੀ ਹੈ. ਦਸਤ, ਆਂਤੜੀਆਂ ਦੀ ਕਮਜ਼ੋਰੀ, ਲੀਵਰ ਅਤੇ ਗੁਰਦੇ ਸਬੰਧੀ ਰੋਗ ਠੀਕ ਹੁੰਦੇ ਹਨ।ਰਕਤਚਾਪ ਦੀ ਸਮੱਸਿਆ ਠੀਕ ਹੁੰਦੀ ਹੈ।

ਵਿਧੀ- ਪੇਟ ਦੇ ਬਲ ਸਿਥਿਲ ਆਸਣ ਵਿੱਚ ਲੇਟ ਜਾਓ। ਪੈਰ, ਅੱਡੀ, ਪੰਜੇ ਮਿਲਾਓ, ਪੰਜੇ ਤਾਣੋ। ਦੋਨੇ ਗੋਡੇ ਮੋੜ ਲਓ। ਹੱਥਾਂ ਨਾਲ ਗਿੱਟਿਆਂ ਨੂੰ ਪਕੜੋ। ਪੰਜੇ ਉਂਗਲੀਆਂ ਇਕ ਪਾਸੇ ਹੋਣ। ਗੋਡੇ ਨੇੜੇ ਤੋਂ ਨੇੜੇ ਹੋਣ। ਮੱਥੇ ਨੂੰ ਜ਼ਮੀਨ ਉਤੇ ਲਾਗਾ ਦਿਓ। ਸਾਹ ਬਾਹਰ ਕਢਕੇ ਪਹਿਲਾਂ ਗੋਡੇ ਜਿਆਦਾ ਤੋਂ ਜਿਆਦਾ ਉਪਰ ਚੁੱਕੋ। ਜਦੋਂ ਗੋਡੇ ਚੱਕਣ ਦਾ ਅਭਿਆਸ ਇੰਨਾ ਹੋ ਜਾਏ ਕਿ ਧੜ ਚੁੱਕਣ ਨਾਲ ਗੋਡੇ ਹੇਠਾਂ ਨਾ ਆਉਣ ਤਾਂ ਸਾਹ ਭਰਦੇ ਹੋਏ ਗਰਦਨ ਨੂੰ ਚੁਕਦੇ ਹੋਏ ਧੜ ਨੂੰ ਵੀ ਉਪਰ ਚੁੱਕ ਲਓ। ਮੋਢੇ ਅਤੇ ਗੋਢੇ ਆਸਣ ਤੋਂ ਸਮਾਨ ਉਚਾਈ ਤੇ ਹੋਣ। ਸਾਹ ਸਮਾਨ ਰਹੇ। ਹੋਲੀ ਹੋਲੀ ਵਾਪਿਤ ਆ ਕੇ ਸ਼ਿਥਿਲ ਆਸਣ ਵਿੱਚ ਵਿਸ਼ਰਾਮ ਕਰੋ। ਧਿਆਨ ਦਾ ਕੇਂਦਰ-ਸਵਾਧਿਸ਼ਠਾਨ ਚਾਕਰ।



ਸਿਰਲੱਥ ਯੋਧਾ

## ਬਾਬਾ ਹਨੂਮਾਨ ਸਿੰਘ ਜੀ

ਪ੍ਰਿਤਪਾਲ ਸਿੰਘ (ਰੂਪਨਗਰ)

ਸਿੱਖ ਧਰਮ ਦਾ ਇਤਿਹਾਸ ਕੁਰਬਾਨੀਆਂ ਨਾਲ ਲਬਰੇਜ਼ ਹੈ। ਇਸ ਨੂੰ ਹਜ਼ਾਰਾਂ ਹੀ ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਲਿਖਿਆ ਹੈ। ਇਨ੍ਹਾਂ ਦੀ ਸਿਰਲੱਥ ਯੋਧਿਆਂ ਵਿੱਚੋਂ ਹੀ ਉਨੀਵੀਂ ਸਦੀ ਦੇ ਚਾਲ੍ਹੀਵਿਆਂ ਦਾ ਇੱਕ ਅਮਰ ਸ਼ਹੀਦ ਹੈ ਜਥੇਦਾਰ ਬਾਬਾ ਹਨੂਮਾਨ ਸਿੰਘ ਜੀ।

ਆਪ ਜੀ ਦਾ ਜਨਮ ਸ. ਗਰਜਾ ਸਿੰਘ ਜੀ ਬਾਠ ਦੇ ਗ੍ਰਹਿ ਵਿਖੇ ਮਾਤਾ ਹਰਨਾਮ ਕੌਰ ਜੀ ਦੀ ਕੁੱਖੋਂ 2 ਦਸੰਬਰ 1755 ਨੂੰ ਨਰੰਗਪੁਰ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਆਪ ਜੀ ਨੇ 10 ਸਾਲ ਬੁੱਢਾ ਦਲ ਦੇ ਜੱਥੇਦਾਰ ਰਹਿਣ ਤੋਂ ਇਲਾਵਾ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਵਜੋਂ ਕੌਮ ਦੀ ਸੇਵਾ ਕੀਤੀ ਗਈ ਹੈ। ਸੰਨ 1845 ਵਿੱਚ ਜਿਸ ਸਮੇਂ ਸਿੱਖ ਰਾਜ ਦੇ ਅਹਿਲਕਾਰਾਂ ਗੁਲਾਬ ਸਿੰਘ, ਮਿਸ਼ਰ ਲਾਲ ਸਿੰਘ ਅਤੇ ਤੇਜ ਸਿੰਘ ਡੋਗਰਿਆਂ ਨੇ ਅੰਗਰੇਜ਼ਾਂ ਨਾਲ ਅੰਦਰ ਖਾਤੇ ਸਿੱਖ ਰਾਜ ਨੂੰ ਅੰਗਰੇਜ਼ਾਂ ਦੇ ਅਧੀਨ ਕਰਨ ਲਈ ਸੌਦਾ ਕਰ ਲਿਆ। ਉਸ ਸਮੇਂ ਮਹਾਰਾਣੀ ਜਿੰਦ ਕੌਰ ਨੇ ਇੱਕ ਚਿੱਠੀ ਸਰਦਾਰ ਸ਼ਾਮ ਸਿੰਘ ਅਟਾਰੀ ਨੂੰ ਖਾਲਸਾ ਪੰਥ ਦੇ ਨਾਮ ਦੇ ਨਾਮ ਲਿਖ ਕੇ ਪੰਥ ਬੁੱਢਾ ਦਲ ਦੇ ਸੱਤਵੇਂ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ) ਪਾਸ ਸ੍ਰੀ ਅੰਮ੍ਰਿਤਸਰ ਸਾਹਿਬ ਭੇਜੀ। ਚਿੱਠੀ ਵਿੱਚ ਸਿੱਖ ਰਾਜ ਦੇ ਵਿਰੁੱਧ ਗ਼ਦਾਰਾਂ ਦੀ ਸਾਜਿਸ਼ ਦਾ ਪਰਦਾਫਾਸ਼ ਕੀਤਾ ਗਿਆ ਸੀ ਅਤੇ ਸਿੱਖ ਰਾਜ ਨੂੰ ਬਚਾਉਣ ਲਈ ਅੰਗਰੇਜ਼ਾਂ ਵਿੱਰੁਧ ਮੱਦਦ ਲਈ ਬੇਨਤੀ ਕੀਤੀ ਗਈ ਸੀ। ਬਾਬਾ ਜੀ ਨੇ ਗੁਰੂ ਕੀ ਅਕਾਲੀ ਫ਼ੌਜ ਸਮੇਤ ਜੰਗ ਦੇ ਮੈਦਾਨ, ਮੁਦਕੀ (ਫੇਰੂ ਸ਼ਹਿਰ) ਨੂੰ ਜਾਣ ਵਾਸਤੇ ਨਗਾਰੇ 'ਤੇ ਜੰਗੀ ਚੋਬ੍ਹਾਂ ਲਵਾ ਦਿੱਤੀਆਂ ਅਤੇ ਫ਼ੌਜ ਨੂੰ ਕੂਚ ਕਰਨ ਦਾ ਹੁਕਮ ਕਰ ਦਿੱਤਾ।



ਮੁਦਕੀ ਪਹੁੰਚ ਕੇ ਸਿੰਘਾਂ ਅਤੇ ਅੰਗਰੇਜ਼ਾਂ ਵਿੱਚ ਘਮਾਸਾਨ ਯੁੱਧ ਹੋਇਆ ਜਿਸ ਵਿੱਚ ਅੰਗਰੇਜ਼ਾਂ ਦੀ ਦਸ ਹਜ਼ਾਰ ਤੋਂ ਵੱਧ ਫ਼ੌਜ ਨੂੰ ਮੌਤ ਦੇ ਘਾਟ ਉਤਾਰ ਕੇ ਮੂੰਹ ਤੋੜਵਾਂ ਜਵਾਬ ਦਿੱਤਾ ਅਤੇ ਅੰਗਰੇਜ਼ਾਂ ਨੂੰ ਮੈਦਾਨੇ ਜੰਗ ਵਿੱਚੋਂ ਭਾਜੜਾਂ ਪੁਆ ਦਿੱਤੀਆਂ। ਜੇਤੂ ਅੰਦਾਜ ਵਿੱਚ ਬੁੱਢਾ ਦੱਲ ਦੇ ਸਿੰਘ ਪਟਿਆਲੇ ਨਿਹੰਗ ਸਿੰਘ ਦੇ ਟੋਭੇ ਤੇ ਪਹੁੰਚ ਗਏ । ਇਸ ਸਮੇਂ ਅੰਗਰੇਜ਼ਾਂ ਦਾ ਇੱਕ ਝੋਲੀ ਚੁੱਕ ਕਰਮ ਸਿੰਘ ਅੰਗਰੇਜ਼ਾਂ ਨਾਲ

ਬਾਕੀ ਸਫਾ 39 'ਤੇ.....



## ਸਾਡਾ ਸੱਭਿਆਚਾਰ ਕਿਹੜੇ ਰਾਹ 'ਤੇ ਤੁਰ ਪਿਆ ਹੈ ?

ਸੰਦੀਪ ਕੌਰ
ਰੋਪੜ

ਇਹ ਉਹ ਰਾਹ ਹੈ ਜਿਸ ਦੀ ਕੋਈ ਮੰਜ਼ਿਲ ਨਹੀਂ ਹੈ।ਰਸਤਾ ਬਹੁਤ ਹੀ ਆਸਾਨ ਤੇ ਮਜ਼ੇਦਾਰ ਹੈ।ਇਸ ਲਈ ਆਸਾਨੀ ਨਾਲ ਸਾਡਾ ਸਮਾਜ ਇਸ ਰਾਹ 'ਤੇ ਭੱਜਿਆ ਫਿਰਦਾ ਹੈ।ਮੰਜ਼ਿਲ ਕਿਸੇ ਨੂੰ ਨਹੀਂ ਮਿਲੀ ਤੇ ਮੰਜ਼ਿਲ ਦੀ ਕਿਸੇ ਨੂੰ ਪ੍ਰਵਾਹ ਵੀ ਨਹੀਂ।ਜਿਸ ਤਰਾਂ ਸਾਡਾ ਸਮਾਜ ਇਸ ਰਸਤੇ ਭੱਜਿਆ ਫਿਰਦਾ ਹੈ,ਮੰਜ਼ਿਲ ਤਾਂ ਕੀ ਮਿਲਣੀ ਹੈ, ਉਹ ਆਪਣੀ ਅਸਲੀ ਜਗ੍ਹਾ ਵੀ ਭੁੱਲ ਜਾਵੇਗਾ।

ਪਿਛਲੇ ਕੁੱਝ ਦਿਨਾਂ ਵਿੱਚ ਜੋ ਹੋਇਆ ਹੈ ਕੀ ਉਹ ਸਾਡਾ ਸੱਭਿਆਚਾਰ ਹੈ? ਬਠਿੰਡੇ ਦੇ ਮੈਰਿਜ ਪੈਲੇਸ ਵਿੱਚ ਇੱਕ ਡਾਂਸਰ ਕੁੜੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ।ਆਪਣੀਆਂ ਖੁਸ਼ੀਆਂ ਮਨਾਉਣ ਲਈ ਦੂਜਿਆਂ ਦਾ ਘਰ ਉਜਾੜ ਦੇਣਾ ਤੇ ਉਸ ਨੂੰ ਬੇਰਹਿਮੀ ਨਾਲ ਮਾਰ ਦੇਣਾ ਇਹ ਤਾਂ ਸਾਡੇ ਸੱਭਿਆਚਾਰ ਦਾ ਹਿੱਸਾ ਨਹੀਂ ਹੈ।

ਵਿਆਹ ਇੱਕ ਖੁਸ਼ੀ ਵਾਲਾ ਮੌਕਾ ਹੁੰਦਾ ਹੈ।ਪੁਰਾਣੇ ਸਮੇ ਵਿੱਚ ਸੁਹਾਗ,ਘੋੜੀਆਂ ਆਦਿ ਗੀਤ ਗਾਏ ਜਾਂਦੇ ,ਭੰਗੜੇ ਪਾਏ ਜਾਂਦੇ ਸਨ। ਸਮਾ ਬਦਲ ਗਿਆ।ਇਨ੍ਹਾਂ ਦੀ ਥਾਂ ਹੁਣ ਡੀ.ਜੇ.ਆਦਿ ਨੇ ਲੈ ਲਈ ਹੈ। ਮੈ ਇਸ ਨੂੰ ਗਲਤ ਨਹੀਂ ਕਹਾਂਗੀ।ਸਮਾਂ ਬਦਲਦਾ ਹੈ, ਬੰਦੇ ਦੀ ਸੋਚ ਤੇ ਤਰੀਕੇ ਬਦਲਦੇ ਹਨ।ਪਰ ਹਥਿਆਰਾਂ ਦਾ ਵਿਆਹ ਵਿੱਚ ਕੀ ਕੰਮ? ਹਥਿਆਰ ਕਦੇ ਖੁਸ਼ੀ ਨਹੀਂ ਦਿੰਦੇ। ਲੋਕ ਹਥਿਆਰਾਂ ਦੀ ਵਰਤੋਂ ਕਰਦੇ ਹਨ।ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ ਹੁੰਦਾ।ਉਹ ਆਪਣੀ ਫ਼ੁਖਰਾਪੰਥੀ ਦਿਖਾਉਣ ਦੇ ਚੱਕਰ 'ਚ ਕਿਸੇ ਦੀ ਜਾਨ ਲੈ ਲੈਂਦੇ ਹਨ। ਕੀ ਇਹ ਹੈ ਸਾਡਾ ਸੱਭਿਆਚਾਰ ਹੈ? ਕਈ ਲੋਕ ਕੁੜੀਆਂ 'ਤੇ ਇਲਜ਼ਾਮ ਲਗਾਉਂਦੇ ਹਨ ਕਿ ਕੀ ਲੋੜ ਹੈ ਇਨ੍ਹਾਂ ਨੂੰ ਸਟੇਜਾਂ 'ਤੇ ਨੱਚਣ ਦੀ।ਪਰ ਕੋਈ ਸ਼ੌਕ ਨਾਲ ਤਾਂ ਕਿਸੇ ਤੀਸਰੇ ਦੇ ਵਿਆਹ ਵਿੱਚ ਨਹੀਂ ਨੱਚਣ ਲੱਗਾ।ਮਜ਼ਬੂਰੀ ਬੰਦੇ ਤੋਂ ਬਹੁਤ ਕੁਛ ਕਰਵਾਉਂਦੀ ਹੈ।ਉਹ ਕੋਈ ਜ਼ੁਲਮ ਤਾਂ ਨਹੀਂ ਸੀ ਕਰ ਰਹੀ। ਸਟੇਜਾਂ 'ਤੇ ਨੱਚਣ ਵਾਲੀਆਂ ਕੁੜੀਆਂ ਆਪਣੇ ਪਰਿਵਾਰਾਂ ਦੇ ਪੇਟ ਭਰਨ ਲਈ ਮਜ਼ਬੂਰ ਹੋ ਕੇ ਲੋਕਾਂ ਦਾ ਮਨੋਰੰਜਨ ਕਰਦੀਆਂ ਹਨ।ਪਰ ਕੁੱਝ ਫੁਕਰੇ ਲੋਕ ਉਨ੍ਹਾਂ ਦੀਆਂ ਮਜ਼ਬੂਰੀਆਂ 'ਤੇ ਹੱਸਦੇ ਤੇ ਨਸ਼ੇ ਅਧੀਨ ਹਥਿਆਰਾਂ ਦੀ ਵਰਤੋਂ ਕਰ ਕੇ ਉਨ੍ਹਾਂ ਦੇ ਕਤਲ ਕਰ ਕੇ ਵੀ ਕੋਈ ਗਲਤੀ ਨਹੀਂ ਸਮਝਦੇ।

ਅਸੀਂ ਜਿਸ ਕੌਮ ਨਾਲ ਸਬੰਧ ਰਖਦੇ ਹਾਂ ਉਹ ਜ਼ੁਲਮ ਵਿਰੁੱਧ ਲੜਦੀ ਆਈ ਹੈ।ਉਹ ਜ਼ੁਲਮ ਕਰਦੀ ਨਹੀਂ।ਅਸੀਂ ਆਪਣੇ ਬੱਚਿਆਂ ਨੂੰ ਕੀ ਦੱਸਾਂਗੇ ਕਿ ਸਾਡਾ ਸੱਭਿਆਚਾਰ ਕੀ ਹੈ? ਜਦੋਂ ਅਸੀਂ ਹੀ ਇਸ ਨੂੰ ਭੁੱਲਦੇ ਜਾ ਰਹੇ ਹਾਂ।ਸਮੇਂ ਦੇ ਨਾਲ ਨਵੀਆਂ ਚੀਜ਼ਾਂ ਨੂੰ ਅਪਨਾਉਣਾ ਚੰਗੀ ਗੱਲ ਹੈ ਪਰ ਪੁਰਾਣੀਆਂ ਨੂੰ ਭੁੱਲਣਾ ਮੂਰਖਤਾ ਹੈ।ਸਾਡਾ ਸੱਭਿਆਚਾਰ ਬਹੁਤ ਅਮੀਰ ਹੈ ਪਰ ਅਸੀਂ ਇਸ ਨੂੰ ਦਿਨੋਦਿਨ ਗਰੀਬ ਬਣਾ ਰਹੇ ਹਾਂ।ਆਪਣੀ ਝੂਠੀ ਸ਼ਾਂਨੋਸ਼ੌਕਤ ਲਈ ਅਸੀਂ ਆਪਣੇ ਸੱਭਿਆਚਾਰ ਨੂੰ ਮਾਰ ਦਿੱਤਾ ਹੈ।

ਲੋੜ ਹੈ ਹਰ ਇਨਸਾਨ ਨੂੰ ਜਾਗਣ ਦੀ ।ਕਿਸੇ ਇੱਕ ਦੇ ਕੁੱਝ ਕਹਿਣ ਜਾਂ ਲਿਖਣ ਨਾਲ ਕੁੱਝ ਨਹੀਂ ਹੋ ਸਕਦਾ।ਹਰ ਇਨਸਾਨ ਦੀ ਸੋਚ ਬਦਲਣੀ ਜ਼ਰੂਰੀ ਹੈ।ਇਹ ਕੰਮ ਔਖਾ ਹੈ ਪਰ ਅਸੀਂ ਕੋਸ਼ਿਸ਼ ਕਰ ਸਕਦੇ ਹਾਂ। ਚੰਗਾ ਲਿਖਣਾ,ਚੰਗਾ ਸੁਣਨਾ ਤੇ ਚੰਗਾ ਗਾਉਣ ਨਾਲ ਵੀ ਸਮਾਜ ਦੀ ਸੋਚ ਵਿੱਚ ਫਰਕ ਪਾਇਆ ਜਾ ਸਕਦਾ ਹੈ।

ਧੜੱਲੇਦਾਰ ਪੁਲਿਸ ਅਧਿਕਾਰੀ

## ਇੰਸਪੈਕਟਰ ਮਹੇਸ਼ ਕੁਮਾਰ ਸੈਣੀ



ਸਦਰ ਥਾਣਾ ਰੂਪਨਗਰ ਦੇ ਹੁਣੇ ਹੀ, 7 ਨਵੰਬਰ 2016 ਨੂੰ ਨਿਯੁਕਤ ਹੋਏ ਐੱਸ.ਐੱਚ.ਓ. ਸ਼੍ਰੀ ਮਹੇਸ਼ ਕੁਮਾਰ ਸੈਣੀ ਵਿਲੱਖਣ ਪ੍ਰਤਿਭਾ ਦੇ ਮਾਲਕ ਹਨ।ਉਹ ਸੰਜੀਦਾ ਹੋਣ ਦੇ ਨਾਲ ਨਾਲ ਅਤਿ ਦੇ ਮਿਲਾਪੜੇ ਤੇ ਰੋਹਬ ਵਾਲੇ ਹਨ।ਚਾਰ ਨਵੰਬਰ,1969 ਨੂੰ ਸਲਾਰੀਆ ਪਰਿਵਾਰ ਵਿੱਚ ਜਨਮੇ ਇੰਸਪੈਕਟਰ ਸੈਣੀ ਦਾ ਪਿਛੋਕੜ ਪਠਾਨਕੋਟ ਦਾ ਹੈ ਜਿੱਥੇ ਕਿ ਉਹ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਆ ਕੇ ਵਸੇ ਸਨ।ਉਨ੍ਹਾਂ ਦੇ ਸਵਰਗਵਾਸੀ ਪਿਤਾ ਸ਼੍ਰੀ ਨਾਰਾਇਣ ਸਿੰਘ ਪਠਾਨਕੋਟ ਮਿਉਂਸੀਪਲ ਕੌਂਸਲ ਦੇ ਮੁਲਾਜ਼ਮ ਸਨ।ਇਨ੍ਹਾਂ ਨੇ ਸਾਇੰਸ ਵਿਸ਼ੇ ਵਿੱਚ ਗ੍ਰੈਜੂਏਸ਼ਨ ਅਤੇ ਪੰਜਾਬੀ ਦੀ ਐੱਮ.ਏ. ਕਰ ਕੇ 1991 ਵਿੱਚ ਪੁਲਿਸ ਵਿਭਾਗ ਵਿੱਚ ਸਹਾਇਕ ਸਬਇੰਸਪੈਕਟਰ ਦੀ ਨੌਕਰੀ ਹਾਸਲ ਕਰ ਲਈ ਅਤੇ ਭਿੰਨ ਭਿੰਨ ਅਹੁਦਿਆਂ 'ਤੇ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਉਂਦਿਆਂ ਤਰੱਕੀਆਂ ਪ੍ਰਾਪਤ ਕੀਤੀਆਂ।ਉਨ੍ਹਾਂ ਦੇ ਵੱਡੇ ਭਰਾ ਸ਼੍ਰੀ ਰਾਜਿੰਦਰ ਸੈਣੀ ਕੈਨੇਡਾ ਵਿੱਚ ਮੀਡੀਆ ਅਤੇ ਸਮਾਜਸੇਵਾ ਦੇ ਖੇਤਰ ਵਿੱਚ ਜਾਣੀ ਪਛਾਣੀ ਸਖ਼ਸ਼ੀਅਤ ਹਨ।ਸੈਣੀ ਸਾਹਿਬ ਬਹੁਤ ਪੜ੍ਹੇ ਲਿਖੇ ਪਰਿਵਾਰ ਨਾਲ ਸਬੰਧ ਰਖਦੇ ਹਨ।ਇਨ੍ਹਾਂ ਦੇ ਧਰਮਪਤਨੀ ਅਧਿਆਪਕ ਹਨ ਅਤੇ ਇੱਕ ਬੇਟਾ ਤੇ ਇੱਕ ਬੇਟੀ ਸਕੂਲੀ ਸਿੱਖਿਆ ਪ੍ਰਾਪਤ ਕਰ ਰਹੇ ਹਨ।ਸੈਣੀ ਬਰਾਦਰੀ ਨੂੰ ਆਪਣੇ ਕਰਮਯੋਗੀ ਇਸ ਅਧਿਕਾਰੀ 'ਤੇ ਅਤਿ ਦਾ ਮਾਣ ਹੈ।

## ਸ਼ਰਧਾਂਜਲੀਆਂ

### ਫ਼ੀਦਲ ਕਾਸਤਰੋ :



ਰਾਜਨੀਤਿਕ ਝੱਖੜਾਂ ਨਾਲ ਇਕੱਲਾ ਹੀ ਟੱਕਰਾਂ ਲੈਣ ਵਾਲਾ ਵੀਹਵੀਂ ਸਦੀ ਦਾ ਰੰਗਲਾ ਕਮਿਉਨਿਸਟ ਇਨਕਲਾਬੀ, ਕਿਊਬਾ ਦੇਸ਼ ਦਾ ਸਾਬਕਾ ਮੁਖੀ, ਫ਼ੀਦਲ ਕਾਸਤਰੋ 26 ਨਵੰਬਰ 2016 ਨੂੰ 90 ਸਾਲ ਦੀ ਉਮਰ ਵਿੱਚ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਹੈ। ਅਗਸਤ 1926 ਵਿੱਚ ਜਨਮੇ ਫ਼ੀਦਲ ਕਾਸਤਰੋ ਨੇ ਸੰਨ 1959 ਵਿੱਚ ਅਮਰੀਕਾ-ਪੱਖੀ ਬਤਿਸਤਾ ਦਾ ਤਖਤਾ ਪਲਟ ਕੇ ਸੱਤਾ ਪ੍ਰਾਪਤ ਕੀਤੀ ਅਤੇ ਆਪਣੇ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੱਕ ਕਿਊਬਾ ਦੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਸਾਮਰਾਜਵਾਦੀ ਦੇਸ਼ਾਂ ਦੇ ਮੁਖੀ ਅਮਰੀਕਾ ਦੇ ਐਨ ਗੁਆਂਢ ਵਿੱਚ ਰਹਿੰਦਿਆਂ ਉਸ ਨੇ ਕਦੇ ਧੌਂਸ ਨਹੀਂ ਮੰਨੀ ਭਾਵੇਂ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਨੇ 638 ਵੇਰ ਉਸ 'ਤੇ ਜਾਨਲੇਵਾ ਹਮਲੇ ਕੀਤੇ।

ਫ਼ੀਦਲ ਕਾਸਤਰੋ ਕੇਵਲ ਲੰਬਾ ਸਮਾਂ ਰਾਜ ਕਰਨ ਲਈ ਨਹੀਂ ਸਗੋਂ ਕਿਊਬਾ ਦੇ ਲੋਕਾਂ ਨੂੰ ਦਿੱਤੀਆਂ ਸੁਖ-ਸਹੂਲਤਾਂ ਲਈ ਵੀ ਜਾਣਿਆਂ ਜਾਵੇਗਾ। ਸਿਹਤ ਤੇ ਸਿੱਖਿਆ ਦੇ ਖੇਤਰਾਂ ਵਿੱਚ ਦੁਨੀਆਂ ਦਾ ਕੋਈ ਵੀ ਦੇਸ਼ ਕਿਊਬਾ ਦਾ ਸਾਨੀ ਨਹੀਂ। ਕਿਊਬਾ ਆਪਣੇ ਕੁੱਲ ਘਰੇਲੂ ਆਮਦਨ ਦਾ 16 ਪ੍ਰਤੀਸ਼ਤ ਸਿਹਤ ਸਹੂਲਤਾਂ 'ਤੇ ਖਰਚ ਕਰਦਾ ਹੈ। ਉਥੇ ਡਾਕਟਰ ਤੇ ਆਬਾਦੀ ਦਾ ਅਨੁਪਾਤ ਦੁਨੀਆਂ ਵਿੱਚ ਸਭ ਤੋਂ ਵੱਧ ਅਤੇ ਬੱਚਿਆਂ ਦੀ ਮੌਤ ਦਰ ਸਭ ਤੋਂ ਘੱਟ ਹੈ। ਕਿਉਬਾ ਦੇ 30000 ਹਜ਼ਾਰ ਡਾਕਟਰ ਅਫ਼ਰੀਕਾ,ਲਾਤੀਨੀ ਅਮਰੀਕਾ ਅਤੇ ਏਸ਼ੀਆ ਦੇ ਗਰੀਬ ਦੇਸ਼ਾਂ ਵਿੱਚ ਕੰਮ ਕਰਦੇ ਹਨ। ਇੱਥੇ ਸਾਰੇ ਨਾਗਰਿਕਾਂ ਲਈ ਸਿਹਤ ਸੇਵਾਵਾਂ ਮੁਫ਼ਤ ਹਨ।

ਅੱਜ ਭਾਵੇਂ ਕਾਸਤਰੋ ਇਸ ਦੁਨੀਆਂ ਵਿੱਚ ਨਹੀਂ ਰਹੇ ਪਰੰਤੂ ਮਨੁੱਖਤਾ ਲਈ ਘਾਲੀ ਘਾਲਣਾ ਅਤੇ ਦਲੇਰਾਨਾ ਸਖ਼ਸ਼ੀਅਤ ਲਈ ਸਦੀਆਂ ਤੱਕ ਇਨਕਲਾਬੀ ਤੇ ਲੋਕਪੱਖੀ ਵਿਚਾਰਧਾਰਾ ਵਾਲੇ ਲੋਕਾਂ ਲਈ ਰਾਹਦਸੇਰਾ ਬਣੇ ਰਹਿਣਗੇ।

### ਡਾ. ਰਘੁਬੀਰ ਸਿੰਘ ਬੈਂਸ :



ਡਾ.ਰਘੁਬੀਰ ਸਿੰਘ ਬੈਂਸ, 3 ਨਵੰਬਰ 2016 ਨੂੰ ਇਸ ਦੁਨੀਆਂ ਤੋਂ ਵਿਦਾ ਹੋ ਗਏ ਹਨ। ਉਹ ਸਿੱਖ ਕੌਮ ਦੇ ਪਹਿਲੇ ਸਾਹਿਤਕਾਰ ਸਨ ਜਿਨ੍ਹਾਂ ਨੂੰ ਇਨਸਾਕਲੋਪੀਡੀਆ ਆਫ਼ ਸਿੱਖਜ਼ਮ ਆਨ ਮਲਟੀਮੀਡੀਆ ਟੈਕਨਾਲੋਜੀ ਦੇ ਲੇਖਕ ਬਣਨ ਦਾ ਮਾਣ ਪ੍ਰਾਪਤ ਹੋਇਆ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਡਗਾਣਾ ਕਲਾਂ ਵਿੱਚ 1936 ਵਿੱਚ ਇੱਕ ਆਮ ਕਿਸਾਨੀ ਪਰਿਵਾਰ ਵਿੱਚ ਜਨਮੇ ਇਸ ਪ੍ਰਤਿਭਾਸ਼ਾਲੀ ਵਿਦਵਾਨ ਨੇ ਨੌਕਰੀ ਕਰਦਿਆਂ ਹੀ ਸੰਨ 1982 ਵਿੱਚ ਵਕਾਲਤ ਦੀ ਡਿਗਰੀ ਹਾਸਲ ਕੀਤੀ ਅਤੇ 2002 ਵਿੱਚ ਅਮਰੀਕਾ ਤੋਂ ਸੰਸਾਰ ਦੇ ਵੱਖ-ਵੱਖ ਧਰਮਾਂ ਤੇ ਸੱਭਿਆਚਾਰਾਂ ਬਾਰੇ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਉਹ ਪੂਰੇ ਵਿਸ਼ਵ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨਾ ਚਾਹੁੰਦੇ ਸਨ ਜਿਸ ਲਈ ਕੈਨੇਡਾ ਸਰਕਾਰ ਨੇ ਨਸ਼ਿਆਂ ਦੀ ਰੋਕਥਾਮ ਲਈ ਕਈ ਵਿਭਾਗਾਂ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ। ਉਨ੍ਹਾਂ ਨੇ ਸੈਕੜੇ ਦੇਸ਼ਾਂ ਵਿੱਚ ਜਾ ਕੇ ਗਰੀਬੀ ,ਭੁੱਖਮਰੀ ਖਿਲਾਫ਼ ਆਵਾਜ਼ ਬੁਲੰਦ ਕੀਤੀ ਅਤੇ ਕੁੰਜੀਵਤ ਪਰਚੇ ਪੜ੍ਹੇ। ਇਨ੍ਹਾਂ ਸਮਾਜਸੇਵੀ ਕੰਮਾਂ ਬਦਲੇ ਡਾ.ਬੈਂਸ ਨੂੰ 'ਆਰਡਰ ਆਫ਼ ਬ੍ਰਿਟਿਸ਼ ਕੋਲੰਬੀਆ' ਪੰਜਾਬ ਸਰਕਾਰ ਦੇ 'ਸਾਹਿਤ ਸ਼੍ਰੋਮਣੀ ਪੁਰਸਕਾਰ',ਪੰਥ ਰਤਨ' ਤੇ 'ਨਿਸ਼ਾਨੇ-ਸਿੱਖੀ' ਜਿਹੇ ਐਵਾਰਡ ਹਾਸਲ ਹੋਏ। ਅਜਿਹੇ ਬੁੱਧੀਜੀਵੀ ਦੇ ਚਲਾਣੇ ਨਾਲ ਪੂਰੇ ਸਾਹਿਤ ਜਗਤ ਨੂੰ ਨਾਪੂਰਨਯੋਗ ਘਾਟਾ ਪਿਆ ਹੈ।

❊ ❊ ❊ ❊ ❊

ਸਵਾਗਤ

## ਭਾਰਤ ਦੇ ਪਹਿਲੇ ਸਿੱਖ ਚੀਫ਼ ਜਸਟਿਸ



ਸੰਵਿਧਾਨ ਤੇ ਕਾਨੂੰਨ ਦੀ ਰਖਵਾਲੀ ਨਾਲ ਜੁੜੇ ਕੇਸਾਂ ਪ੍ਰਤਿ ਸਖ਼ਤ ਰੁੱਖ ਅਪਨਾਉਣ ਕਾਰਨ 'ਜਸਟਿਸ ਕਹਿਰ' ਵਜੋਂ ਜਾਣੇ ਜਾਂਦੇ ਜਸਟਿਸ ਜਗਦੀਸ਼ ਸਿੰਘ ਖੇਰ 4 ਜਨਵਰੀ 2017 ਨੂੰ ਭਾਰਤ ਦੇ ਪਹਿਲੇ ਸਿੱਖ ਪਗੜੀਧਾਰੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬਣਨਗੇ। ਇੱਕ ਸਾਧਾਰਨ ਪਰਿਵਾਰ ਵਿੱਚ ਜਨਮੇ ਜਸਟਿਸ ਖੇਰ ਨੇ ਸਖ਼ਤ ਮਿਹਨਤ ਕਰਕੇ ਪਹਿਲਾਂ ਵਕੀਲ ਤੇ ਫਿਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਜੱਜ ਬਣਨ ਵਿੱਚ ਸਫ਼ਲਤਾ ਹਾਸਲ ਕੀਤੀ ਜਿੱਥੇ ਉਨ੍ਹਾਂ ਦੋ ਵੇਰ ਕਾਰਜਕਾਰੀ ਚੀਫ਼ ਜਸਟਿਸ ਦੀ ਡਿਊਟੀ ਵੀ ਨਿਭਾਈ। ਫਿਰ ਉਹ ਉੱਤਰਾਖੰਡ ਅਤੇ ਕਰਨਾਟਕਾ ਹਾਈ ਕੋਰਟਾਂ ਦੇ ਚੀਫ਼ ਜਸਟਿਸ ਬਣੇ ਜਿੱਥੋਂ ਤਰੱਕੀ ਪਾ ਕੇ ਸੁਪਰੀਮ ਕੋਰਟ ਦੇ ਮਾਣਯੋਗ ਜੱਜ ਬਣਨ ਦਾ ਮਾਣ ਪ੍ਰਾਪਤ ਕੀਤਾ। ਸੁਪਰੀਮ ਕੋਰਟ ਦੇ ਜੱਜ ਵਜੋਂ ਉਨ੍ਹਾਂ ਨੇ ਪੂਰੀ ਇਮਾਨਦਾਰੀ ਨਾਲ ਬੇਖੌਫ਼ ਹੋ ਕੇ ਬਹੁਤ ਹੀ ਅਹਿਮ ਫ਼ੈਸਲੇ ਦਿੱਤੇ ਜਿਨ੍ਹਾਂ ਵਿੱਚੋਂ; ਸਹਾਰਾ ਮੁਖੀ ਨੂੰ ਜੇਲ੍ਹ ਪਹੁੰਚਾਉਣ; ਨਿਆਂਇਕ ਨਿਯੁਕਤੀਆਂ ਕਮਿਸ਼ਨ ਐਕਟ ਨੂੰ ਰੱਦ ਕਰਨ ਅਤੇ 'ਸਮਾਨ ਕੰਮ, ਸਮਾਨ ਤਨਖਾਹ' ਵਾਲੇ ਫ਼ੈਸਲੇ ਵਿਸ਼ੇਸ਼ ਕਰਕੇ ਵਰਣਨਯੋਗ ਹਨ। ਜਸਟਿਸ ਖੇਰ ਦਾ ਇਹ ਕਾਰਜਕਾਲ ਭਾਵੇਂ ਅੱਠ ਮਹੀਨਿਆਂ ਦਾ ਹੀ ਹੋਵੇਗਾ ਪਰ ਉਮੀਦ ਕੀਤੀ ਜਾਂਦੀ ਹੈ ਕਿ ਉਹ ਭਾਰਤੀ ਨਿਆਂ ਪ੍ਰਬੰਧ ਦੀ ਮਾਣ ਮਰਯਾਦਾ ਤੇ ਕਾਰਜਕੁਸ਼ਲਤਾ ਨੂੰ ਵਧਾਉਣ ਵਿੱਚ ਕਾਮਯਾਬ ਹੋਣਗੇ।

## MEMBERS OF SAINI WELFARE BOARD

Chairman
**Sh. Tarsem Saini**
Ghuman Nagar, Patiala



Sr. Vice Chairman
**S. Satnam Singh Dhanoa**
Mukerian



Director
**S. Manjit Singh**
Chandigarh Road, S.B.S. Nagar



Director
**S. Gurdarshan Singh**
Derabassi



Director
**S. Kanwaljit Singh**
V & P.O. Panjour, Teh. Garhshankar
Distt. Hoshiarpur



Director
**S. Parminder Singh**
Vill. Masite Palkot (Hoshiarpur)



Director
**S. Darshan Singh**
Vill. Mansuha, Distt. Ropar



Director
**S. Jatinder Singh Rouni**
# 1125, Ph.XI, Mohali



Director
**S. Harinder Singh**
Randhawa Road, Kharar



Director
**S. Gurmit Singh**
V.& P.O. Nandachaur (Hoshiarpur)



Director
**S. Sarabjit Singh**
Vill. Jagowal, Bangur (Gurdaspur)



Director
**S. Gurdeep Singh**
V.P.O. Devi Nnagar, Distt. Patiala



Director
**Sh. Jaipal Saini**
VPO Moonak, Distt. Sangrur



Director
**S. Kuldeep Singh**
Vill. Jottiwal, Teh. Samrala
Distt. Patiala



Director
**S. Kanwaljit Singh**
Vill. Dally (Bhogpur) Jalandhar



Director
**S. Bahadur Singh**



Director
**S. Dharam Singh**
Phase VI, Mohali



Director
**Mrs. Palwinder Kaur Rani**
Vill. Thali Khurd, Distt. Ropar



Director
**S. Pardeep Saini**
Ludhiana



Director
**S. Ajwinder Singh**
Hoshiarpur



# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




ਮੈਗਜ਼ੀਨ "ਸੈਣੀ ਸੰਸਾਰ" ਦਾ 23ਵਾਂ ਅੰਕ ਰਿਲੀਜ਼ ਕਰਦੇ ਹੋਏ ਸ. ਕਮਲਦੀਪ ਸੈਣੀ ਅਤੇ ਪ੍ਰਬੰਧਕ



ਆਈ.ਆਈ.ਟੀ ਰੂਪਨਗਰ ਦੇ ਅਸਿਸਟੈਂਟ ਪ੍ਰੋਫੈਸਰ ਸ੍ਰੀ ਮੁਕੇਸ਼ ਕੁਮਾਰ ਸੈਣੀ ਨੂੰ ਸਨਮਾਨਿਤ ਕਰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕ




ਸਾਲ 2016 ਦੀ ਭਾਸ਼ਨ ਪ੍ਰਤਿਯੋਗਤਾ ਵਿੱਚ ਜੇਤੂ ਵਿਦਿਆਰਥੀ ਸੈਣੀ ਭਵਨ ਦੇ ਪ੍ਰਬੰਧਕਾਂ ਨਾਲ



ਆਈ.ਆਈ.ਟੀ ਰੁੜਕੀ ਦੇ ਐੱਮ.ਟੈੱਕ. ਦੇ ਵਿਦਿਆਰਥੀ ਰਾਹੁਲ ਸੈਣੀ ਨੂੰ ਵਜ਼ੀਫਾ ਦਿੰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕ



ਸਾਲਾਨਾ ਸਿੱਖਿਆ ਸਮਾਗਮ 2016 ਦੌਰਾਨ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਦੀਆਂ ਹੋਈਆਂ ਸੈਣੀ ਭਵਨ ਰੂਪਨਗਰ ਦੀਆਂ ਸਿੱਖਿਆਰਥਣਾਂ